ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHY **SURA** LUDHIANA

ਬਾਬਾ ਗਇਆ ਬਗਦਾਦ ਨੋ, ਬਾਹਰਿ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪੁ, ਦੂਜਾ ਰਬਾਬੀ ਮਰਦਾਨਾ॥

ਨਵੰਬਰ ੧੯੯੬



NOVEMBER 1996

ਬਗਦਾਦ ਵਿਖੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਅਰਬੀ ਬੋਲੀ ਵਿਚ ਕਤਬਾ

(ਵੇਰਵੇ ਸਹਿਤ ਲੇਖ ਅੰਦਰ ਵੇਖੋ)

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧. ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ | ੧ | ੯. ਬਾਬਾ ਗਇਆ ਬਗ਼ਦਾਦ ਨੂੰ | ੨੧ |
| ੨. ਅਰਥ ਵਿਆਖਿਆ | ੨ | ੧੦. ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਢੰਗ | ੨੩ |
| ੩. ਹਉਮੈ ਨਾਵੈ ਨਾਲਿ ਵਿਰੋਧੁ ਹੈ | ੪ | ੧੧. ਚਾਹ, ਇੱਕ ਮਿੱਠਾ ਜ਼ਹਿਰ | ੨੭ |
| ੪. ਸਤਿਗੁਰੂ | ੮ | ੧੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ | ੨੮ |
| ੫. ਸਿੱਧਾਂ ਦੇ ਸਵਾਲ ਤੇ ਗੁਰੂ ਨਾਨਕ...... | ੧੨ | ੧੩. ਗੁਰਬਾਣੀ ਤੇ ਕੱਚੀ ਬਾਣੀ | ੩੧ |
| ੬. ਸਭ ਤੇ ਵਡਾ ਸਤਿਗੁਰੁ ਨਾਨਕੁ | ੧੫ | ੧੪. ਸਿੱਖ ਧਰਮ ਤੇ ਉਸਦੇ ਸਿਧਾਂਤ | ੩੪ |
| ੭. ਗੁਰਮੁਖ ਪਿਆਰੇ ਭਾਈ ਹਰਚਰਨ ਸਿੰਘ ਜੀ | ੧੮ | ੧੫. SIKHS AND ORGANIZATION | ੩੭ |
| ੮. ਸ੍ਰੀ ਹਰਿਮੰਦਰ ਸਾਹਿਬ ਦੀ ਮਹੱਤਤਾ | ੨੦ | ੧੬. ਗੁਰੂ ਨਾਨਕ ਦੇਵ ਜੀ ਦੀ ਮਹਿਮਾ | ੪੦ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਜੋਤੀ ਜੋਤ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ੪ ਨਵੰਬਰ | ਗੁਰਿਆਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ੪ ਨਵੰਬਰ |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੧੨ ਨਵੰਬਰ | ਜਨਮ ਭਗਤ ਨਾਮਦੇਵ ਜੀ ੨੧ ਨਵੰਬਰ |
| ਪ੍ਰਕਾਸ਼ ਸ੍ਰੀ ਗੁਰੂ ਨਾਨਕ ਦੇਵ ਜੀ ੨੫ ਨਵੰਬਰ | |

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ – ਸਬ ਆਫ਼ਿਸ "ਸੂਰਾ"– ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ – ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਫੌਜਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯. ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪[illegible] ੨੧੬੮੧
੧੦. ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੪੫੫੭੮੭ ਘਰ: ੨੩੧੫੨੦
੧੧. ਯਮੁਨਾਨਗਰ – ਸ੍ਰ: ਪਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ–੧੩੫੦੦੧ ਫੋਨ: ੨੬੨੧੭
੧੨. ਸੰਗਰੂਰ – ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ – ਮਾ: ਗੁਰਦਿਆਲ ਸਿੰਘ ਜੀ, ੫੫੩ ਮੁਹੱਲਾ ਡੱਬਿਆਂ, ਚੌੜਾ ਖੂਹ, ਨੇੜੇ ਗੁ: ਪਾ: ੬
ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

### ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ – ਭਾਈ ਗੁਰਨਾਮ ਸਿੰਘ ਜੀ ੧੦–Lambourne Gardens, Earley Reading, Berks U.K. Tel. ੦੧੭੩੪–੨੬੭੯੦੦
੨. ਅਮਰੀਕਾ – ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ – ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ – ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੬੧੮੬੩੪੮੪੧.
੫. ਨੀਉਜ਼ੀਲੈਂਡ – ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਫ੍ਰੀ ਲਿਟਰੇਚਰ ਫੰਡ ਵਿੱਚ ਆਪਣਾ ਹਿੱਸਾ ਪਾਓ ਜੀ

ਗੁਰਮਤਿ ਪ੍ਰਚਾਰ ਨੂੰ ਮੁੱਖ ਰੱਖਦਿਆਂ ਫ੍ਰੀ ਲਿਟਰੇਚਰ ਫੰਡ ਵਿੱਚ ਆਪਣੀ ਕਮਾਈ ਦਾ ਦਸਵੰਧ ਜਮ੍ਹਾਂ ਕਰਵਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ :– ਮਾਇਆ 'ਸੂਰਾ' ਦੇ ਸਬ–ਆਫ਼ਿਸ, ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ–2 ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨ, ਜਥੇ ਵਲੋ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ–੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।

ਜਿਲਦ ੩੦
ਨਵੰਬਰ ੧੯੯੬
ਅੰਕ ੧੧

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ: ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ: ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ: 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ - ੧੪੧੦੦੨ (ਇੱਕ ਕਾਪੀ .... ੩.੦੦)

## ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ

ਜਿਨ ਕਉ ਭਾਂਡੈ ਭਾਉ, ਤਿਨਾ ਸਵਾਰਸੀ।।
ਸੂਖੀ ਕਰੈ ਪਸਾਉ, ਦੂਖ ਵਿਸਾਰਸੀ।।
ਸਹਸਾ ਮੂਲੇ ਨਾਹਿ, ਸਰਪਰ ਤਾਰਸੀ।।੧।।

ਤਿਨਾ ਮਿਲਿਆ ਗੁਰੁ ਆਇ, ਜਿਨ ਕਉ ਲੀਖਿਆ।।
ਅੰਮ੍ਰਿਤੁ ਹਰਿ ਕਾ ਨਾਉ, ਦੇਵੈ ਦੀਖਿਆ।।
ਚਾਲਹਿ ਸਤਿਗੁਰ ਭਾਇ, ਭਵਹਿ ਨ ਭੀਖਿਆ।।੨।।

ਜਾ ਕਉ ਮਹਲੁ ਹਜੂਰਿ, ਦੂਜੇ ਨਿਵੈ ਕਿਸੁ।।
ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ।।
ਛੁਟੈ ਤਾ ਕੈ ਬੋਲਿ, ਸਾਹਿਬ ਨਦਰਿ ਜਿਸੁ।।੩।।

ਘਲੇ ਆਣੇ ਆਪਿ, ਜਿਸੁ ਨਾਹੀ ਦੂਜਾ ਮਤੈ ਕੋਇ।।
ਢਾਹਿ ਉਸਾਰੇ ਸਾਜਿ, ਜਾਣੈ ਸਭ ਸੋਇ।।
ਨਾਉ ਨਾਨਕ ਬਖਸੀਸ, ਨਦਰੀ ਕਰਮੁ ਹੋਇ।।੪।।੩।।੫।।

(ਸੂਹੀ ਮ: ੧, ਪੰਨਾ ੭੨੯)

ਦ ਅਰਥ :- ਜਿਨ ਕਉ-ਜਿਨ੍ਹਾਂ ਨੂੰ। ਭਾਂਡੈ-ਹਿਰਦੇ ਰੂਪ ਭਾਂਡੇ ਵਿਚ। ਭਾਉ-ਪ੍ਰੇਮ। ਸਵਾਰਸੀ-ਸਵਾਰੇਗਾ, ਣਾ ਬਣਾਏਗਾ। ਸੂਖੀ-ਸੁੱਖਾਂ ਦੀ। ਪਸਾਉ-ਪ੍ਰਸਾਦੁ, ਬਖ਼ਸ਼ਸ਼। ਵਿਸਾਰਸੀ-ਵਿਸਾਰ ਦੇਵੇਗਾ, ਭੁਲਾ ਦਿੰਦਾ ਸਹਸਾ-ਸਹਿਮ, ਸ਼ੱਕ। ਸਰਪਰ-ਜ਼ਰੂਰ। ਤਾਰਸੀ-ਤਾਰ ਦੇਵੇਗਾ, ਪਾਰ ਲੰਘਾ ਦਿੰਦਾ ਹੈ।੧।

ਲੀਖਿਆ-(ਸ਼ੁੱਭ) ਲੇਖ। ਦੀਖਿਆ-ਸਿੱਖਿਆ। ਸਤਿਗੁਰ ਭਾਇ-ਗੁਰੂ ਦੇ ਪ੍ਰੇਮ ਵਿੱਚ, ਗੁਰੂ ਦੇ ਅਨੁਸਾਰ। ਵਹਿ ਨ-ਭਟਕਦੇ ਨਹੀਂ। ਭੀਖਿਆ-ਭਿੱਖਿਆ ਵਾਸਤੇ।੨।

ਮਹਲੁ-ਟਿਕਾਣਾ। ਹਜੂਰਿ-ਪ੍ਰਭੂ ਦੀ ਹਜ਼ੂਰੀ ਵਿੱਚ। ਨਿਵੈ-ਨਿਉ ਦਾ, ਝੁਕਦਾ। ਦਰਿ-ਦਰਵਾਜੇ ਤੇ। ਰਵਾਣੀ-ਦਰਬਾਨਾਂ ਦੀ। ਨਾਹਿ ਮੂਲੇ-ਬਿਲਕੁਲ ਨਹੀਂ। ਬੋਲਿ-ਬਚਨ ਦੀ ਰਾਹੀਂ। ਨਦਰਿ-ਮੇਹਰ ਦੀ ਨਜ਼ਰ।੩।

ਘਲੇ ਆਣੇ-ਭੇਜਦਾ ਤੇ ਵਾਪਸ ਬੁਲਾਉਂਦਾ। ਮਤੈ-ਮੱਤਾਂ। ਢਾਹਿ-ਢਾਹੁੰਦਾ ਹੈ। ਉਸਾਰੇ-ਉਸਾਰਦਾ ਹੈ। ਸਾਜਦਾ-ਪੈਦਾ ਕਰਦਾ। ਨਾਉ-ਨਾਮ। ਬਖਸੀਸ-ਬਖ਼ਸ਼ਸ਼ ਵਜੋਂ। ਨਦਰੀ-ਮੇਹਰ ਦੀ ਨਜ਼ਰ ਕਰਨ ਵਾਲਾ ਪ੍ਰਭੂ। ਕਰਮੁ-ਬਖ਼ਸ਼ਸ਼।



www.AKJ.Org

# ਅਰਥ ਵਿਆਖਿਆ

ਅਰਥ :- ਪ੍ਰਭੂ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਰੂਪ ਭਾਂਡੇ ਵਿੱਚ ਪ੍ਰੇਮ ਦੀ ਭਿੱਛਿਆ ਪਾ ਦਿੰਦਾ ਹੈ ਉਨ੍ਹਾਂ ਦਾ ਜੀਵਨ ਸੋਹਣਾ ਬਣਾ ਦਿੰਦਾ ਹੈ। ਉਨ੍ਹਾਂ ਉੱਤੇ ਸੁੱਖਾਂ ਦੀ ਬਖ਼ਸ਼ਸ਼ ਕਰਦਾ ਹੈ, ਉਨ੍ਹਾਂ ਦੇ ਦੁੱਖ ਭੁਲਾ ਦਿੰਦਾ ਹੈ। ਇਸ ਗੱਲ ਵਿੱਚ ਰਤਾ ਵੀ ਸ਼ੱਕ ਨਹੀਂ ਕਿ ਅਜੇਹੇ ਮਨੁੱਖਾਂ ਨੂੰ ਪ੍ਰਭੂ ਸੰਸਾਰ ਸਮੁੰਦਰ ਤੋਂ ਜ਼ਰੂਰ ਪਾਰ ਲੰਘਾ ਦਿੰਦਾ ਹੈ।੧।

ਜਿਨ੍ਹਾਂ ਮਨੁੱਖਾਂ ਦੇ ਬਖਸ਼ਸ਼ ਦਾ ਲੇਖ ਧੁਰੋਂ ਹੀ ਲਿਖਿਆ ਹੁੰਦਾ ਹੈ ਉਨ੍ਹਾਂ ਨੂੰ ਗੁਰੂ ਆ ਕੇ ਮਿਲ ਪੈਂਦਾ ਹੈ। ਗੁਰੂ ਉਨ੍ਹਾਂ ਨੂੰ ਅੰਮ੍ਰਿਤ-ਨਾਮ ਦੀ ਦੀਖਿਆ ਦਿੰਦਾ ਹੈ। ਉਹ ਮਨੁੱਖ ਗੁਰੂ ਦੀ ਸਿਖਿਆ ਅਨੁਸਾਰ ਚਲਦੇ ਹਨ ਅਤੇ ਹੋਰ ਪਾਸੇ ਭਟਕਦੇ ਨਹੀਂ ਫਿਰਦੇ।੨।

ਜਿਸ ਮਨੁੱਖ ਨੂੰ ਪ੍ਰਭੂ ਦੀ ਹਜ਼ੂਰੀ ਵਿੱਚ ਥਾਂ ਮਿਲ ਜਾਂਦੀ ਹੈ ਉਹ ਕਿਸੇ ਹੋਰ ਦੇ ਅੱਗੇ ਸਲਾਮਾਂ ਨਹੀਂ ਭਰਦਾ। ਪ੍ਰਭੂ ਦੇ ਦਰਵਾਜ਼ੇ ਤੇ ਦਰਬਾਨ ਉਨ੍ਹਾਂ ਦੀ ਰਤਾ ਭਰ ਵੀ ਪੁੱਛ ਗਿੱਛ ਨਹੀਂ ਕਰਦੇ ਕਿਉਂਕਿ ਜਿਸ ਗੁਰੂ ਤੇ ਮਾਲਕ-ਪ੍ਰਭੂ ਦੀ ਮੇਹਰ ਦੀ ਨਜ਼ਰ ਹੈ ਉਸ ਗੁਰੂ ਦੇ ਬੋਲਾਂ (ਬਚਨਾਂ) ਅੰਦਰ ਚੱਲ ਕੇ ਉਹ ਮਨੁੱਖ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ।੩।

ਜਿਸ ਮਾਲਕ ਪ੍ਰਭੂ ਨੂੰ ਕੋਈ ਹੋਰ ਦੂਜਾ ਕੋਈ ਮੱਤਾਂ ਨਹੀਂ ਦੇ ਸਕਦਾ ਉਹ ਆਪ ਹੀ ਜੀਵਾਂ ਨੂੰ ਸੰਸਾਰ ਵਿੱਚ ਭੇਜਦਾ ਹੈ ਅਤੇ ਆਪ ਹੀ ਵਾਪਸ ਬੁਲਾ ਲੈਂਦਾ ਹੈ, ਪ੍ਰਭੂ ਆਪ ਹੀ ਜਗਤ-ਰਚਨਾ ਨੂੰ ਢਾਹੁੰਦਾ ਹੈ ਤੇ ਆਪ ਹੀ ਉਸਾਰਦਾ ਹੈ। ਉਹ ਸਭ ਕੁੱਝ ਆਪ ਹੀ ਪੈਦਾ ਕਰਨਾ ਜਾਣਦਾ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਿਸ ਮਨੁੱਖ ਉਤੇ ਮੇਹਰ ਦੀ ਨਜ਼ਰ ਕਰਨ ਵਾਲੇ ਪ੍ਰਭੂ ਦੀ ਨਿਗਾਹ ਪੈ ਜਾਂਦੀ ਹੈ ਬਖਸ਼ਸ਼ ਵਜੋਂ ਉਸ ਨੂੰ *'ਨਾਮ'* ਮਿਲਦਾ ਹੈ।੪।੩।੫।

ਵਿਆਖਿਆ :- ਪ੍ਰਭੂ ਦਾ ਮਿਲਾਪ ਪ੍ਰੇਮ ਦੀ ਖੇਡ ਹੈ। "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।੯।।

(ਤ੍ਵਪ੍ਰਸਾਦਿ।। ਸਵੱਯੇ।। ਪਾ: ੧੦)

ਪ੍ਰੇਮ ਵੀ ਪ੍ਰਭੂ ਆਪ ਹੀ ਪੈਦਾ ਕਰਦਾ ਹੈ। ਜਿਨ੍ਹਾਂ ਮਨੁੱਖਾਂ ਨੂੰ ਪ੍ਰਭੂ ਦੇ ਦਰ ਤੇ ਪ੍ਰੇਮ ਦੀ ਭਿੱਛਿਆ ਮਿਲ ਜਾਂਦੀ ਹੈ ਉਨ੍ਹਾਂ ਦੇ ਹਿਰਦੇ ਰੂਪ ਭਾਂਡੇ ਸਵਾਰੇ ਜਾਂਦੇ ਹਨ, ਪ੍ਰਭੂ ਦੀ ਬਖਸ਼ਸ਼ ਸਦਕਾ ਉਨ੍ਹਾਂ ਦੇ ਦੁੱਖ ਕੱਟੇ ਜਾਂਦੇ ਹਨ ਅਤੇ ਸੁੱਖਾਂ ਦੀ ਵਰਖਾ ਹੋ ਜਾਂਦੀ ਹੈ। ਅਜੇਹੇ ਮਨੁੱਖ ਸੰਸਾਰ ਸਮੁੰਦਰ ਵਿਚੋਂ ਪਾਰ ਲੰਘ ਜਾਂਦੇ ਹਨ। ਇਸ ਵਿੱਚ ਰਤਾ ਭਰ ਵੀ ਸ਼ੱਕ ਵਾਲੀ ਗੱਲ ਨਹੀਂ।

ਪ੍ਰਭੂ ਨਾਲ ਪਿਆਰ ਪਾਉਣਾ ਮਨੁੱਖ ਦੇ ਆਪਣੇ ਵੱਸ ਨਹੀਂ, ਜਿਨ੍ਹਾਂ ਤੇ ਪ੍ਰਭੂ ਦੀ ਮੇਹਰ ਦੀ ਨਜ਼ਰ ਹੁੰਦੀ ਹੈ ਉਨ੍ਹਾਂ ਨੂੰ ਹੀ ਪ੍ਰੇਮ ਦਾ ਪਿਆਲਾ ਨਸੀਬ ਹੁੰਦਾ ਹੈ।

ਆਪਣਾ ਲਾਇਆ ਪਿਰਮੁ ਨ ਲਗਈ,
ਜੇ ਲੋਚੈ ਸਭੁ ਕੋਇ।।
ਏਹੁ ਪਿਰਮੁ ਪਿਆਲਾ ਖਸਮ ਕਾ,
ਜੈ ਭਾਵੈ ਤੈ ਦੇਇ।।੧੩।। (ਪੰਨਾ ੧੩੭੮)

ਜਿਨ੍ਹਾਂ ਮਨੁੱਖਾਂ ਦੇ ਧੁਰ ਦਰਗਾਹੋਂ ਲਿਖੇ ਲੇਖਾਂ ਵਿੱਚ ਲਿਖਿਆ ਹੁੰਦਾ ਹੈ ਉਨ੍ਹਾਂ ਦਾ ਸੱਚੇ-ਗੁਰੂ (ਸਤਿਗੁਰੂ) ਨਾਲ ਮਿਲਾਪ ਹੋ ਜਾਂਦਾ ਹੈ। ਸਤਿਗੁਰੂ ਕੋਲੋਂ ਗੁਰ-ਦੀਖਿਆ ਵਜੋਂ ਉਨ੍ਹਾਂ ਨੂੰ ਅੰਮ੍ਰਿਤ-ਨਾਮ ਮਿਲ ਜਾਂਦਾ ਹੈ ਜਿਸ ਦੀ ਪ੍ਰਾਪਤੀ ਤੋਂ ਬਾਅਦ ਉਹ ਹੋਰ ਦੁਆਰਿਆਂ ਤੋਂ ਭਿੱਖਿਆ ਨਹੀਂ ਮੰਗਦੇ ਫਿਰਦੇ। ਉਹ ਸਤਿਗੁਰੂ ਦੇ ਹੁਕਮਾਂ ਅੰਦਰ ਕਾਰ ਕਰਦੇ ਹੋਏ, ਨਾਮ ਜਪਦੇ ਆਪਣਾ ਜਨਮ ਸਫਲਾ ਕਰ ਜਾਂਦੇ ਹਨ।

ਜਿਨ ਮਸਤਕਿ ਧੁਰਿ ਹਰਿ ਲਿਖਿਆ
ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ।।
ਅਗਿਆਨੁ ਅੰਧੇਰਾ ਕਟਿਆ
ਗੁਰ ਗਿਆਨੁ ਘਟਿ ਬਲਿਆ।।
ਹਰਿ ਲਧਾ ਰਤਨੁ ਪਦਾਰਥੋ
ਫਿਰਿ ਬਹੁੜਿ ਨ ਚਲਿਆ।।
ਜਨ ਨਾਨਕ ਨਾਮੁ ਆਰਾਧਿਆ,
ਆਰਾਧਿ ਹਰਿ ਮਿਲਿਆ।।੧।।

(ਆਸਾ ਮ: ੪, ਪੰਨਾ ੪੫੦)

ਗੁਰਮੁਖ-ਜਨ ਸੁਆਸ ਸੁਆਸ ਨਾਮ ਜਪਦੇ, ਗੁਰੂ ਦੇ ਹੁਕਮਾਂ ਅੰਦਰ ਰਹਿੰਦੇ ਹੋਏ ਪਰਮਾਤਮਾ ਦੀ ਹਜ਼ੂਰੀ ਪ੍ਰਾਪਤ ਕਰ ਲੈਂਦੇ ਹਨ, ਬਿਨਾਂ ਰੋਕ ਟੋਕ ਪ੍ਰਭੂ ਦੀ ਦਰਗਾਹ ਵਿੱਚ ਉਨ੍ਹਾਂ ਦਾ ਆਣਾ ਜਾਣਾ ਬਣ ਜਾਂਦਾ ਹੈ, *'ਸੋ-ਦਰ'* ਦੇ ਦਰਬਾਨ ਵੀ ਉਨ੍ਹਾਂ ਦੀ ਪੁੱਛ ਪੜਤਾਲ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਸਲਾਮਾਂ ਮਾਰਦੇ ਹਨ। ਅਜੇਹੇ ਪੁਰਖ ਕਿਸੇ ਐਰੇ ਗੈਰੇ ਅੱਗੇ ਤਰਲੇ ਨਹੀਂ ਕੱਢਦੇ। ਕੱਢਣ ਵੀ ਕਿਉਂ ?

ਜਾ ਕਾ ਮੀਤੁ ਸਾਜਨੁ ਹੈ ਸਮੀਆ।।
ਤਿਸੁ ਜਨ ਕਉ ਕਹੁ ਕਾ ਕੀ ਕਮੀਆ।।੧।



www.AKJ.Org

ਜਾ ਕੀ ਪ੍ਰੀਤਿ ਗੋਬਿੰਦ ਸਿਉ ਲਾਗੀ।।
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ।।੧।।ਰਹਾਉ।।
ਜਾ ਕਉ ਰਸੁ ਹਰਿ ਰਸੁ ਹੈ ਆਇਓ।।
ਸੋ ਅਨ ਰਸ ਨਾਹੀ ਲਪਟਾਇਓ।।੨।।
ਜਾ ਕਾ ਕਹਿਆ ਦਰਗਹ ਚਲੈ।।
ਸੋ ਕਿਸ ਕਉ ਨਦਰਿ ਲੈ ਆਵੈ ਤਲੈ।।੩।।
ਜਾ ਕਾ ਸਭੁ ਕਿਛੁ ਤਾ ਕਾ ਹੋਇ।।
ਨਾਨਕ ਤਾ ਕਉ ਸਦਾ ਸੁਖੁ ਹੋਇ।।੪।।੩੩।।੧੦੨।।

(ਗਉੜੀ ਮ: ੫, ਪੰਨਾ ੧੮੬)

ਸਤਿਗੁਰੂ ਤੇ ਪ੍ਰਭੂ ਦੀ ਮੇਹਰ ਦੀ ਨਜ਼ਰ ਹੈ। ਜਿਹੜਾ ਮਨੁੱਖ ਸਤਿਗੁਰੂ ਦੇ ਬਚਨਾਂ (ਹੁਕਮਾਂ) ਅੰਦਰ ਚੱਲਦਾ ਹੈ। ਉਸਦੀ ਵਿਕਾਰਾਂ ਤੋਂ ਖਲਾਸੀ ਹੋ ਜਾਂਦੀ ਹੈ, ਮਨ ਦੀ ਮੈਲ ਧੋਤੀ ਜਾਂਦੀ ਹੈ ਅਤੇ ਪ੍ਰਭੂ ਨਾਲ ਪ੍ਰੀਤ ਪੈ ਜਾਂਦੀ ਹੈ। ਪ੍ਰਭੂ ਦੇ ਪਿਆਰਿਆਂ ਨੂੰ ਪ੍ਰਭੂ ਦੀ ਹਜ਼ੂਰੀ ਮਿਲ ਜਾਂਦੀ ਹੈ। ਪ੍ਰਭੂ ਦੀ ਦਰਗਾਹ ਵਿੱਚ ਉਨ੍ਹਾਂ ਦੀ ਪੁੱਛ ਪ੍ਰਤੀਤ ਹੋਣ ਲੱਗ ਪੈਂਦੀ ਹੈ।

ਜਾ ਕਾ ਕਹਿਆ ਦਰਗਹ ਚਲੈ।।
ਸੋ ਕਿਸ ਕਉ ਨਦਰਿ ਲੈ ਆਵੈ ਤਲੈ।।੩।।

ਅਜੇਹਾ ਮਨੁੱਖ ਕਿਸੇ ਹੋਰ ਦਾ ਮੁਥਾਜ ਕਿਉਂ ਹੋਵੇ, ਕਿਸੇ ਹੋਰ ਦੇ ਤਰਲੇ ਕਿਉਂ ਕੱਢੇ ? ਗੁਰੂ ਨਾਨਕ ਦੇਵ ਜੀ ਠੀਕ ਹੀ ਤਾਂ ਕਹਿੰਦੇ ਹਨ-

-"ਜਾ ਕਉ ਮਹਿਲ ਹਜੂਰਿ ਦੂਜੇ ਨਿਵੈ ਕਿਸੁ ?"

*'ਦਰ'* ਕਬੂਲ ਪਏ ਗੁਰਮੁਖ ਜਨਾਂ ਦੇ ਬੋਲ ਵੀ *'ਸਤਿ'* ਹੋਣ ਲੱਗ ਪੈਂਦੇ ਹਨ। ਅਜੇਹੀ ਅਵਸਥਾ ਵਿੱਚ ਖਬਰਦਾਰ ਹੋ ਕੇ ਚੱਲਣ ਦੀ ਲੋੜ ਹੈ। ਰਿੱਧੀਆਂ ਸਿੱਧੀਆਂ ਕਾਰਨ ਹਉਮੈ ਆ ਚੰਬੜਦੀ ਹੈ, ਮਨੁੱਖ ਮੱਲੋ ਮੱਲੀ ਆਪਣੇ ਆਪ ਨੂੰ ਸੰਤ ਮਹਾਂ-ਪੁਰਖ ਅਖਵਾਉਣ ਲੱਗ ਪੈਂਦਾ ਹੈ, ਆਪਣੇ ਪੈਰਾਂ ਤੇ ਲੋਕਾਂ ਕੋਲੋਂ ਮੱਥੇ ਟਿਕਾਉਂਦਾ ਹੋਇਆ ਰੱਬ ਦਾ ਸ਼ਰੀਕ ਬਣ ਬੈਠਦਾ ਹੈ। ਹਉਮੈ ਆਈ ਤਾਂ ਰੱਬ ਨਾਲੋਂ ਵਿੱਥ ਪਈ। ਬਿਜਲੀ ਦੀ ਤਾਰ ਵਿੱਚ ਤ੍ਰੇੜ ਪਈ ਤਾਂ ਬਲਬ ਦੀ ਰੌਸ਼ਨੀ ਡੁਬਕੀਆਂ ਮਾਰਨੀਆਂ ਆਰੰਭ ਕਰ ਦਿੰਦੀ ਹੈ ਅਤੇ ਕੁਨੈਕਸ਼ਨ ਟੁੱਟਣ ਨਾਲ ਰੌਸ਼ਨੀ ਜਾਂਦੀ ਰਹਿੰਦੀ ਹੈ ਤੇ ਹਨ੍ਹੇਰਾ ਘੁੱਪ ਹੋ ਜਾਂਦਾ ਹੈ।

ਹਉਮੈਂ ਤੋਂ ਬਚਣ ਦੀ ਲੋੜ ਹੈ, ਦਾਸਨ ਦਾਸ ਬਣ ਕੇ ਰਹਿਣ ਵਿੱਚ ਹੀ ਅਨੰਦ ਹੈ ਕਿਉਂਕਿ-

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ।।
ਹਉਮੈ ਵਿਚਿ ਸੇਵਾ ਨ ਹੋਵਈ
ਤਾ ਮਨੁ ਬਿਰਥਾ ਜਾਇ।।੧।।
ਹਉਮੈ ਵਿਚਿ ਭਗਤਿ ਨ ਹੋਵਈ,
ਹੁਕਮੁ ਨ ਬੁਝਿਆ ਜਾਇ।।
ਹਉਮੈ ਵਿਚਿ ਜੀਉ ਬੰਧੁ ਹੈ,
ਨਾਮੁ ਨ ਵਸੈ ਮਨਿ ਆਇ।।੩।।

(ਵਡਹੰਸੁ ਮ: ੩, ਪੰਨਾ ੫੬੦)

ਹਉਮੈਂ ਕਾਰਨ *'ਨਾਮ'* (ਸ਼ਬਦ) ਵਿੱਚ ਸੁਰਤਿ ਨਹੀਂ ਜੁੜਦੀ। ਜੇ ਲਿਵ ਟੁੱਟ ਗਈ ਤਾਂ ਪ੍ਰਭੂ ਨਾਲੋਂ ਵਿੱਥ ਪੈ ਗਈ, ਘੜੰਮ ਥੱਲੇ ਡਿੱਗ ਪਏ ਅਤੇ ਮਾਇਆ ਦੇ ਜਾਲ ਵਿਚ ਫਸ ਗਏ, ਮਾਇਆ ਦੇ ਕਾਰਿੰਦਿਆਂ ਕਾਮ, ਕ੍ਰੋਧ, ਹੰਕਾਰ ਆਦਿ ਨੇ ਚਰੂੰਡਣਾ ਸ਼ੁਰੂ ਕਰ ਦਿੱਤਾ, ਸਵਰਗ ਮਾਣਦੇ ਹੋਏ ਨਰਕ ਵਿੱਚ ਪਹੁੰਚ ਗਏ।

ਮਾਇਆ ਹੋਈ ਨਾਗਨੀ
ਜਗਤਿ ਰਹੀ ਲਪਟਾਇ।।
ਇਸ ਕੀ ਸੇਵਾ ਜੋ ਕਰੇ,
ਤਿਸ ਹੀ ਕਉ ਫਿਰਿ ਖਾਇ।। (ਪੰਨਾ ੫੧੦)

ਮਨੁੱਖ ਨੂੰ ਗੁਰਮਤਿ ਮਾਰਗ ਤੇ ਬੜੀ ਖਬਰਦਾਰੀ ਨਾਲ ਚੱਲਣ ਦੀ ਲੋੜ ਹੈ। ਗੁਰੂ ਦੀ ਮੱਤ ਅਨੁਸਾਰ ਜੀਵਨ ਜੀਵਿਆਂ ਹੀ ਪ੍ਰਭੂ ਪ੍ਰੀਤਮ ਨਾਲ ਬਣ ਆਉਂਦੀ ਹੈ। ਪ੍ਰਭੂ ਆਪ ਹੀ ਜੀਵਾਂ ਨੂੰ ਸੰਸਾਰ ਵਿੱਚ ਭੇਜਦਾ ਹੈ ਅਤੇ ਆਪ ਹੀ ਵਾਪਸ ਬੁਲਾ ਲੈਂਦਾ ਹੈ। ਢਾਹੁੰਦਾ ਵੀ ਉਹ ਆਪ ਹੈ ਅਤੇ ਉਸਾਰਦਾ ਵੀ ਉਹ ਆਪ ਹੀ ਹੈ। ਉਹ ਸਰਬ-ਕਲਾ ਸਮਰੱਥ ਹੈ। ਉਸ ਜਿੱਡਾ ਕੋਈ ਹੋਰ ਨਹੀਂ ਹੈ। ਉਸ ਨੂੰ ਕੋਈ ਮੱਤਾਂ (ਅਕਲਾਂ) ਨਹੀਂ ਦੇ ਸਕਦਾ ਕਿ ਐਹ ਕਰ ਜਾਂ ਐਹ ਨਾਂ ਕਰ। ਜਿਸ ਮਨੁੱਖ ਤੇ ਪ੍ਰਭੂ ਦੀ ਮੇਹਰ ਦੀ ਨਜ਼ਰ ਪੈ ਜਾਂਦੀ ਹੈ ਉਸ ਨੂੰ ਗੁਰੂ-ਦੁਆਰਿਓਂ *'ਨਾਮ'* ਦੀ ਪ੍ਰਾਪਤੀ ਹੁੰਦੀ ਹੈ ਜਿਸ ਨੂੰ ਜਪ ਕੇ ਮਨੁੱਖ ਪ੍ਰਭੂ ਨਾਲ ਇੱਕ ਮਿੱਕ ਹੋ ਜਾਂਦਾ ਹੈ। ਮਨੁੱਖ ਨੂੰ ਤਾਂ ਆਪਣਾ ਜੀਵਨ ਉਦੇਸ਼ ਚੇਤੇ ਰੱਖਣ ਦੀ ਲੋੜ ਹੈ ਅਤੇ ਉਸ ਦੀ ਪ੍ਰਾਪਤੀ ਲਈ ਹੰਭਲਾ ਮਾਰਨਾ ਚਾਹੀਦਾ ਹੈ। ਬਹੁਤੇ ਲੋਕੀਂ ਮਾਇਆ ਦੀ ਚਮਕ ਦਮਕ ਵਿੱਚ ਫਸ ਕੇ ਮਨੁੱਖਾ ਜਨਮ ਦੇ ਉਦੇਸ਼ ਨੂੰ ਭੁੱਲ ਬੈਠਦੇ ਹਨ ਅਤੇ ਅਮੁੱਲਾ ਜਨਮ ਭੰਗ ਦੇ ਭਾੜੇ ਗੁਆ ਕੇ ਮੁੜ ਚੁਰਾਸੀ ਦੇ ਗੇੜ (ਜਨਮ ਮਰਨ ਦੇ ਚੱਕਰ) ਵਿੱਚ ਪੈ ਜਾਂਦੇ ਹਨ।

(ਬਾਕੀ ਪੰਨਾ ? ਤੇ................)



www.AKJ.Org

## ਹਉਮੈ ਨਾਵੈ ਨਾਲਿ ਵਿਰੋਧੁ ਹੈ

(ਭਾਈ ਸਾਹਿਬ ਰਣਧੀਰ ਸਿੰਘ)

*"ਹਉਮੈ"* ਹੰਗਤਾ ਅਤੇ *"ਨਾਮ"* ਦਾ ਪਰਸਪਰ ਵਿਰੋਧ ਹੈ, ਜਿਥੇ *"ਹਉਮੈ"* ਦਾ ਨਿਵਾਸ ਹੈ ਉਥੇ ਨਾਮ ਦਾ ਨਿਵਾਸ ਨਹੀਂ। ਜਿੱਥੇ ਨਾਮ ਦਾ ਨਿਵਾਸ ਹੈ ਉਥੇ *"ਹਉਮੈ"* ਦਾ ਬਿਨਾਸ ਹੈ। ਜਿਸ ਹਿਰਦੇ ਵਿਖੇ, ਜਿਸ ਅਸਥਾਨ ਵਿਖੇ, ਜਿਸ ਭੂਮਿਕਾ ਵਿਖੇ, ਜਿਸ ਮੰਡਲ ਵਿਖੇ *"ਹਉਮੈ"* ਦਾ ਬਸੇਰਾ ਹੈ, ਤਿਸ ਹਿਰਦੇ, ਤਿਸ ਅਸਥਾਨ, ਤਿਸ ਭੂਮਿਕਾ, ਤਿਸ ਮੰਡਲ ਵਿਖੇ ਨਾਮ ਦਾ ਨਮੂਦ ਨਹੀਂ ਅਤੇ ਜਿਸ ਹਿਰਦੇ, ਜਿਸ ਅਸਥਾਨ, ਜਿਸ ਭੂਮਿਕਾ, ਜਿਸ ਮੰਡਲ ਵਿਖੇ ਨਾਮ ਦਾ ਵਾਸਾ ਹੈ, ਤਿਥੇ *"ਹਉਮੈ"* ਦਾ ਨਾਉਂ ਥੇਹ ਨਹੀਂ ਰਹਿੰਦਾ। ਜਿਥੇ ਹਉਮੈ ਹੈ, ਉਥੇ ਨਾਮ ਦਾ ਅਭਾਵ ਹੈ। ਦੋਈ ਇਕ ਸਮੇਂ ਅੰਦਰ ਇਕੋ ਅਸਥਾਨ ਵਿਖੇ ਨਹੀਂ ਰਹਿ ਸਕਦੇ। ਜਿਥੇ *'ਹਉਮੈ'* ਦਾ ਪਸਾਰਾ ਹੈ ਉਥੇ ਨਾਮ ਦਾ ਵਰਤਾਰਾ ਨਹੀਂ ਹੈ। ਜਿਥੇ ਨਾਮ ਦਾ ਵਰਤਾਰਾ ਹੈ ਉਥੇ ਹਉਮੈ ਦਾ ਪਸਾਰਾ ਨਹੀਂ। ਇਹ ਭਾਵ-ਅਰਥ ਤਾਂ ਸਾਫ਼ ਸਪੱਸ਼ਟ ਹਨ, ਪਰੰਤੂ *'ਹਉਮੈ'* ਅਤੇ *'ਨਾਮ'* ਪਦਾਂ ਦੀ ਵਿਆਖਿਆ ਦੀ ਨਿਰਣੇ ਪੁਰਤ ਲੋੜ ਹੈ। ਇਸ ਨਿਰਣੇ ਬਿਹੂਣ ਅਸਾਂ ਨੂੰ ਲਾਭ, ਅਸਲੀ ਸਾਰ ਨਹੀਂ ਪਹੁੰਚਣਾ।

### ਹਉਮੈ ਕੀ ਹੈ ?

ਲਓ ਪਹਿਲਾਂ *'ਹਉਮੈ'* ਦੀ ਵਿਆਖਿਆ ਕਰੀਏ। *'ਹਉਮੈ'* ਦਾ ਆਮ ਅਰਥ ਹੰਗਤਾ ਹੈ, ਜਿਸ ਨੂੰ ਦੂਜੇ ਪਦਾਂ ਵਿੱਚ ਮੈਂ-ਮੇਰੀ ਆਖਦੇ ਹਨ। ਉਸ ਮੈਂ-ਮੇਰੀ ਦੀ ਘੁੰਮਣ-ਘੇਰੀ ਵਿੱਚ ਜਦ ਤਾਈਂ ਕਿ ਪ੍ਰਾਣੀ ਭੰਬਲ-ਭੂਸੇ ਖਾਂਦਾ ਹੈ ਤਦ ਤਾਈਂ ਜਾਣੋ ਭਰਮ ਹੀ ਭਰਮ ਵਿੱਚ ਭਟਕਦਾ ਫਿਰਦਾ ਹੈ। ਕਾਜ ਉਸ ਦਾ ਕੁੱਝ ਨਹੀਂ ਸਰਦਾ। ਯਥਾ ਗੁਰਵਾਕ :-

ਜਬ ਲਗੁ ਮੇਰੀ ਮੇਰੀ ਕਰੈ।।
ਤਬ ਲਗੁ ਕਾਜੁ ਏਕੁ ਨਹੀ ਸਰੈ।।
(ਭੈਰਉ ਕਬੀਰ ਜੀ, ਪੰਨਾ ੧੧੬੦)

ਇਸ *'ਮੈਂ-ਮੇਰੀ'* ਦੇ ਬੰਧਨ ਵਿੱਚ ਬੱਧਿਆ ਹੋਇਆ ਅਤੇ ਇਸ ਮੈਂ-ਮੇਰੀ ਦੀ ਹਨ੍ਹੇਰੀ ਵਿੱਚ ਅੰਨ੍ਹਾ ਹੋਇਆ ਹੋਇਆ ਪ੍ਰਾਣੀ ਅੱਕੀਂ ਪਲਾਹੀਂ ਹੱਥ ਪਾਉਂਦਾ ਹੈ। ਮੈਂ-ਮੇਰੀ ਧਾਰ ਕੇ ਹੀ ਸੰਸਾਰ ਦੀ ਸਰਬ ਸਮੱਗਰੀ ਨੂੰ ਸਮੇਟ ਕੇ ਆਪਣੀ ਬਣੀ ਲੋੜ ਦੀ ਲਾਲਸਾ ਵਿੱਚ ਚੱਤੇ ਪਹਿਰ ਲੱਗਿਆ ਰਹਿੰਦਾ ਹੈ ਅਤੇ ਲੋਭ-ਲਹਿਰ ਦਾ ਗ੍ਰਸਿਆ ਹੋਇਆ ਦਸੋ ਦਿਸ ਧਾਵੰਦਾ ਫਿਰਦਾ ਹੈ। ਇਸ ਮੈਂ-ਮੇਰੀ ਵਿੱਚ ਫਾਥਿਆ ਹੋਇਆ ਹੀ ਮੋਹ-ਮਮਤਾ ਦਾ ਪੈਖੜ ਪੈਰੀਂ ਪਾ ਬਹਿੰਦਾ ਹੈ, ਅਤੇ ਕੂੜਾਵੀ ਆਸਾ ਤ੍ਰਿਸ਼ਨਾ ਦੀ ਜੇਵੜੀ ਨਾਲ ਆਪਣਾ ਆਪ ਜਕੜ ਲੈਂਦਾ ਹੈ। ਪਰ-ਧਨ, ਪਰ-ਤਨ, ਹਿਰਨ ਦੀ ਬਿਆਧ ਜੋ ਉਪਜਦੀ ਹੈ ਤਾਂ ਇਸੇ ਮੈਂ-ਮੇਰੀ ਤੋਂ। ਗੱਲ ਕੀ, ਕਾਮ ਕਰੋਧ ਆਦਿਕ ਅਨੇਕ ਪ੍ਰਕਾਰ ਦੇ ਅਉਗਣਾਂ ਵਿੱਚ ਗ੍ਰਸਤ ਕਰ ਕੇ ਇਹੋ ਮੈਂ-ਮੇਰੀ ਪ੍ਰਾਣੀ ਨੂੰ ਅਨੇਕ ਦਰ ਖੱਜਲ ਖੁਆਰ ਕਰਾਉਂਦੀ ਫਿਰਦੀ ਹੈ। ਇਸ ਮੈਂ-ਮੇਰੀ *'ਹਉਮੈ'* ਰੋਗ ਦਾ ਗ੍ਰਸਿਆ ਹੋਇਆ ਪ੍ਰਾਣੀ ਆਪਣੀ ਆਯੂ ਨੂੰ ਐਵੇਂ ਅਕਾਰਥ ਅਤੇ ਅਜਾਈਂ ਹੀ ਬਤੀਤ ਕਰ ਦਿੰਦਾ ਹੈ ਅਤੇ ਜੂਏ ਜਨਮ ਹਾਰ ਕੇ ਦੋਈ ਹੱਥ ਝਾੜ ਇਸ ਸੰਸਾਰ ਤੋਂ ਜੁਆਰੀਆਂ ਵਤ, ਰੰਕ ਦਾ ਰੰਕ ਹੀ ਉਠ ਜਾਂਦਾ ਹੈ, ਹੱਥ ਪੱਲੇ ਕੱਖ ਨਹੀਂ ਰਹਿੰਦਾ।

ਇਸ *'ਹਉਮੈ'* ਰੋਗ ਦਾ ਨਾਉਂ ਆਪਾ-ਪ੍ਰਸਤੀ ਹੈ ਅਤੇ ਉਪਰਲੇ ਸਿਰਲੇਖ ਪਰਮਾਣ ਅੰਦਰ ਜੋ ਹਉਮੈ ਦਾ ਨਾਵੈ ਨਾਲ ਵਿਰੋਧ ਦਸਿਆ ਹੈ ਸੋ ਉਸ *"ਹਉਮੈ"* ਤੋਂ ਮੁਰਾਦ ਆਪਾ-ਪ੍ਰਸਤੀ ਹੀ ਹੈ। ਜਿਥੇ ਆਪਾ-ਪ੍ਰਸਤੀ ਹੈ ਉਥੇ ਨਾਮ ਕਿੱਥੇ ? ਆਪਾ ਵਾਰ ਕੇ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ। ਆਪੇ ਨੂੰ ਹਉਮੈ ਛਡੇ ਬਿਨਾਂ ਨਾਮ ਵਲ ਲੱਗਣਾ ਹੀ ਅਤੀ ਅਸੰਭਵ ਹੈ।

### ਹਉਮੈ ਦਾ ਦਾਰੂ-

ਇਸ ਆਪੇ ਨੂੰ ਹੋਮਣ ਹਿਤ ਕਿਹੜੀ ਕਾਰ ਕਰਨੀ ਲੋੜੀਂਦੀ ਹੈ, ਜਿਸ ਤੋਂ ਨਾਮ ਦੀ ਪ੍ਰਾਪਤੀ ਹੋ ਸਕਦੀ ਹੈ ? ਸੋ ਕਾਰ ਇਹ ਹੈ, ਜੈਸਾ ਕਿ ਸਤਿਗੁਰੂ ਜੀ ਫ਼ੁਰਮਾਉਂਦੇ ਹਨ, ਯਥਾ ਗੁਰਵਾਕ-

ਸਤਿਗੁਰੂ ਫੁਰਮਾਇਆ
ਕਾਰੀ ਏਹ ਕਰੇਹੁ।।
ਗੁਰੂ ਦੁਆਰੈ ਹੋਇ ਕੈ
ਸਾਹਿਬੁ ਸੰਮਾਲੇਹੁ।।
ਸਾਹਿਬੁ ਸਦਾ ਹਜੂਰਿ ਹੈ
ਭਰਮੈ ਕੇ ਛਉੜ ਕਟਿ ਕੈ
ਅੰਤਰਿ ਜੋਤਿ ਧਰੇਹੁ।।
ਹਰਿ ਕਾ ਨਾਮੁ ਅੰਮ੍ਰਿਤੁ ਹੈ
ਦਾਰੂ ਏਹੁ ਲਾਇਹੁ।।
ਸਤਿਗੁਰ ਕਾ ਭਾਣਾ
ਚਿਤਿ ਰਖਹੁ ਸੰਜਮੁ ਸਚਾ ਨੇਹੁ।।



www.AKJ.Org

ਨਾਨਕ ਐਥੈ ਸੁਖੈ ਅੰਦਰਿ ਰਖਸੀ
ਅਗੈ ਹਰਿ ਸਿਉ ਕੇਲ ਕਰੇਹੁ॥੨॥

(੧੫) (ਮ: ੩, ਬਿਹਾਗੜੇ ਕੀ ਵਾਰ, ਪੰਨਾ ੫੫੪)

ਸੋ ਸਤਿਗੁਰੂ ਦਾ ਇਹ ਫੁਰਮਾਨ ਹੈ ਆਪਾ ਹੋਮਣ ਹਿਤ, ਸਚੀ ਕਾਰ ਕਰਨ ਪ੍ਰਥਾਇ। ਇਸ ਆਪਾ ਹੋਮਣ ਦਾ ਕੇਵਲ ਇਹੋ ਉਪਾਉ ਹੈ ਕਿ ਗੁਰੂ ਧਾਰਨ ਕਰੋ, ਅਰਥਾਤ, ਗੁਰੂ ਦਾ ਸਿੱਖ ਬਣੋ। "ਸਿਖੀ ਸਿਖਿਆ ਗੁਰ ਵੀਚਾਰਿ" (ਪੰਨਾ ੪੬੫) ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਦੀ ਸਿਖਿਆ ਧਾਰਨਹਾਰਾ ਹੀ ਗੁਰੂ ਦਾ ਸਿੱਖ ਸਦਵਾ ਸਕਦਾ ਹੈ। ਜਦ ਤੀਕਰ ਇਹ ਗੁਰ-ਸਿਖਿਆ ਪ੍ਰਾਪਤ ਨਹੀਂ ਹੁੰਦੀ ਤਦ ਤੀਕਰ ਪ੍ਰਾਣੀ ਆਪਣੇ ਮਨ ਦੀ ਸਿਖਿਆ ਮੂਜਬ ਹੀ ਚੱਲਦਾ ਹੈ। ਇਸ ਦਾ ਨਾਉਂ ਹੀ ਮਨਮਤਿ ਹੈ। ਇਸ ਮਨ ਦੀ ਮਤਿ ਦਾ ਨਾਉਂ ਹੀ ਆਪਾ-ਪ੍ਰਸਤੀ ਅਰਥਾਤ ਹਉਮੈ ਹੈ। ਸੋ ਇਸ ਹਉਮੈ ਨੂੰ ਹੋਮਣ ਦਾ ਇਸ ਤੋਂ ਵੱਧ ਕੇ ਹੋਰ ਕੋਈ ਹੀਲਾ ਨਹੀਂ ਕਿ ਪ੍ਰਾਣੀ ਮਨ ਦੀ ਮਤਿ ਅਨੁਸਾਰ ਚਲਣੋਂ ਹੱਟ ਜਾਏ। ਪਰੰਤੂ ਆਪੋਂ ਹਟਣਾ ਔਖਾ ਅਤੇ ਅਸੰਭਵ ਹੈ, ਕਿਉਂਕਿ ਮਨ ਨੇ ਤਾਂ ਮੋੜ ਘੋੜ ਕੇ ਆਪਣੀ ਮਤਿ ਮਗਰ ਹੀ ਲਾਉਣਾ ਹੋਇਆ।

ਇਸ ਹਉਮੈ ਰੂਪੀ ਮਨ ਦੀ ਮਤਿ ਤੋਂ ਛੁਟਕਾਵਣ ਲਈ ਕੇਵਲ ਉਹ ਮਤਿ ਹੀ ਸਮਰਥ ਹੈ ਜਿਸ ਮਤਿ ਅੰਦਰ ਹਉਮੈ ਰੂਪੀ ਮਨ ਦੀ ਮਤਿ ਵਲ ਲਿਜਾਵਣ ਵਾਲੀ ਮਤਿ ਦੀ ਰਾਈ ਰਿਸ਼ਮ ਭੀ ਨਾ ਹੋਵੇ। ਉਹ ਮਤਿ ਕੇਵਲ ਗੁਰਮਤਿ ਹੈ, ਜੋ ਗੁਰੂ ਦੁਆਰੇ ਹੀ ਲੱਭਦੀ ਹੈ। "ਸਾਹਿਬ ਸੰਮਾਲੇਹੁ" ਸਾਹਿਬ ਸੰਮਾਲਣ ਦੀ। ਸਾਹਿਬ ਭੀ ਉਹ ਕਿਹੜਾ ਅਤੇ ਕਿਹੋ ਜਿਹਾ ? ਕੋਈ ਇੱਕ ਦੇਸ਼ ਵਾਸੀ ਅਲਪਗ ਹਸਤੀ ਵਾਲਾ ਉਹ ਸਾਹਿਬ ਨਹੀਂ, ਜਿਸ ਦਾ ਸਮ੍ਹਾਲਣਾ ਗੁਰਮਤਿ ਦ੍ਰਿੜ ਕਰਵਾਉਂਦੀ ਹੈ, ਪ੍ਰੰਤੂ "ਗੁਰੂ ਦੁਆਰੇ ਹੋਇਕੈ" ਐਸੇ ਸਾਹਿਬ ਦੇ ਸਮ੍ਹਾਲਣ ਦੀ ਸ੍ਰੇਸ਼ਟ ਮਤਿ ਆਉਂਦੀ ਹੈ। ਜਿਹੜਾ 'ਸਾਹਿਬੁ ਸਦਾ ਹਜੂਰਿ ਹੈ', ਸਦੀਵ ਕਾਲ ਜੋ ਹਾਜ਼ਰ ਨਾਜ਼ਰ ਹੈ, ਜੋ ਕਿ 'ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ' (ਪੰਨਾ ੭੮੪) ਹੈ। ਦੇਖਿਆ ਕਿਹੀ ਸ੍ਰੇਸ਼ਟ ਅਸਚਰਜ ਅਤੇ ਅਨੋਖੀ ਮਤਿ 'ਗੁਰੂ ਦੁਆਰੇ ਹੋਇ ਕੈ' ਆਉਂਦੀ ਹੈ। ਭਲਾ ਕਿਹੜੀ ਮਤਿ ? ਸਾਹਿਬ ਸੰਮ੍ਹਾਲਣ ਦੀ ! **ਸਾਹਿਬ** ਭੀ ਉਹ ਜੋ *'ਸਦਾ ਹਜ਼ੂਰਿ'* ਹੈ, ਅਤੇ ਸੰਮ੍ਹਾਲਣ **ਭੀ ਕੈਸਾ**? ਐਸਾ ਨਹੀਂ ਜੈਸਾ ਕਿ ਅਲਪਗ ਸਾਹਿਬਾਂ ਦਾ **ਸਮ੍ਹਾਲਣ** ਹੁੰਦਾ ਹੈ। ਅਲਪਗ ਸਾਹਿਬ ਤਾਂ ਜੇ ਸੰਮ੍ਹਾਲੇ ਵੀ ਜਾ ਸਕਦੇ ਹਨ ਤਾਂ ਖਿਨ ਭੰਗਰ ਮਾਤਰ ਹੀ। ਜਿੰਨਾਂ ਚਿਰ ਆਪ ਉਨ੍ਹਾਂ ਦੇ ਸੌਂਹੇਂ ਹੋ, ਉਤਨਾ ਚਿਰ ਹੀ ਉਹ ਆਪ ਦੀ ਸੰਮ੍ਹਾਲ ਗੋਚਰੇ ਹਨ। ਉਤਨੇ ਚਿਰ ਦੀ ਸੰਮ੍ਹਾਲ ਭੀ ਐਵੇਂ ਨਾਮ-ਮਾਤਰ ਹੀ ਸੰਮ੍ਹਾਲ ਹੈ। ਵਾਸਤਵ ਵਿੱਚ ਇਹ ਸੰਮ੍ਹਾਲ ਕੋਈ ਨਹੀਂ। ਕਿਸੇ ਵਸਤੂ ਦਾ ਸੰਮ੍ਹਲਣਾ ਉਸ ਨੂੰ ਸਾਂਭ ਕੇ ਰੱਖਣਾ ਹੁੰਦਾ ਹੈ। ਸੰਸਾਰਕ (ਅਲਪਗ) ਸਾਹਿਬਾਂ ਨੂੰ ਭਲਾ ਆਪ ਕਿਥੇ ਸੰਮ੍ਹਾਲ ਕੇ ਰੱਖੋਗੇ ? ਉਨ੍ਹਾਂ ਦੇ ਤਾਂ ਆਪ ਨੇੜੇ ਭੀ ਨਹੀਂ ਢੁੱਕ ਸਕਦੇ। ਦੂਰੋਂ ਹੀ ਬਿਟਰ ਬਿਟਰ ਦੇਖ ਸਕਦੇ ਹੋ, ਜਿਸ ਵੇਖਣ-ਪਾਖਣ ਅੰਦਰ ਝੁਰੇਵਾਂ ਹੀ ਝੁਰੇਵਾਂ ਹੈ ਅਤੇ ਅਜਿਹਾ ਦੇਖਣਾ-ਪਾਖਣਾ ਭੀ ਬੂਰ ਵਾਲੇ ਲੱਡੂਆਂ ਵਾਲਾ ਸੌਦਾ ਹੈ। ਘੜੀ ਦੀ ਘੜੀ ਆਪ ਦੀਆਂ ਅੱਖਾਂ ਦੇ ਸਾਹਮਣੇ ਕਿਸੇ ਵਸਤ ਦੇ ਰਹਿਣ ਨੂੰ ਉਸ ਵਸਤ ਦਾ ਸੰਮ੍ਹਾਲਣਾ ਨਹੀਂ ਕਹਿ ਸਕਦੇ। ਅੱਖਾਂ ਤੋਂ ਲਾਂਭੇ ਹੁੰਦਿਆਂ ਹੀ ਨਾਲ ਦੀ ਨਾਲ ਅਜਿਹੀ ਸੰਮ੍ਹਾਲ ਮੁੱਕ ਠੁਕ ਜਾਂਦੀ ਹੈ। ਅੰਤੀ ਓੜ ਮੋਹਲਤ ਪੁੰਨੀ ਉਤੇ ਜਦੋਂ ਉਹ *'ਅਲਪਗ ਸਾਹਿਬ'* ਬਿਸਤਰਾ ਬੋਰੀਆ ਬੰਨ੍ਹ ਕੇ ਅਗਾਹਾਂ ਨੂੰ ਘਤ ਚਲਾਈਦਾ ਹੈ, ਤਦ ਤਾਂ ਸਾਹਿਬ ਸੰਮ੍ਹਾਲਣ ਵਲੋਂ ਉੱਕੀ ਹੀ ਸਫਨ-ਸਫ਼ਾਈ ਹੋ ਜਾਂਦੀ ਹੈ। ਸੋ ਇਹ ਸੰਮ੍ਹਾਲਣਾ ਕਿਸ ਲੇਖੇ ? ਬਿਨਸਨਹਾਰ ਸਾਹਿਬਾਂ ਦਾ ਵਜੂਦ ਜਿਵੇਂ ਮਿਥਿਆ ਅਤੇ ਕੂੜ ਦਾ ਪਸਾਰਾ ਹੈ, ਤਿਵੇਂ ਤਿਨ੍ਹਾਂ ਦਾ ਸੰਮ੍ਹਾਲਣਾ ਭੀ ਮਿਥਿਆ ਅਤੇ ਕੂੜਾਵਾ ਦਿਲ-ਪ੍ਰਚਾਵਾ ਹੈ। ਕੂੜਾਵੇ ਸੰਸਾਰਕ ਅਲਪਗ ਸਾਹਿਬਾਂ ਦੇ ਸੰਮ੍ਹਾਲੇ ਤੇ ਸੌਰਦਾ ਭੀ ਕੁੱਝ ਨਹੀਂ।

**ਸੱਚੇ ਸਾਹਿਬ ਦੀ ਸੰਭਾਲ-**

ਇਹ ਕੇਵਲ ਓਸ ਸਰਬੱਗ ਸੱਚੇ ਸਾਹਿਬ ਦਾ ਸੰਮ੍ਹਾਲਣਾ ਹੀ ਹੈ ਜੋ ਸਾਡਾ ਹਲਤ ਪਲਤ ਸੰਵਾਰ ਸਕਦਾ ਹੈ। ਸੋ ਸੱਚਾ ਸਰਬੱਗ ਸਾਹਿਬ ਜੋ ਸਦਾ ਹਜ਼ੂਰ ਹੈ, ਇਕ ਵਾਰ ਦਾ ਸੰਮ੍ਹਾਲਿਆ ਹੋਇਆ ਸਦੀਵ ਸੰਮ੍ਹਾਲ ਅੰਦਰ ਰਹਿੰਦਾ ਹੈ। ਯਥਾ ਗੁਰਵਾਕ :-

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ
ਇਹ ਰੀਤਿ ਭਲੀ ਭਗਵੰਤੈ॥......

(੧॥੪॥੪॥੨) ਗਉੜੀ ਮ: ੫, ਪੰਨਾ ੨੪੯)

ਇਸ ਇਕ ਵਾਰ ਵਸ ਆਏ ਅਤੇ ਸੰਭਲੇ ਸੱਚੇ ਧਨੀ (ਸਾਹਿਬ) ਦੀ ਸੰਮ੍ਹਾਲ ਬਹੁੜ ਸੰਮ੍ਹਾਲੋਂ ਅਗੋਚਰ ਹੋ ਹੀ ਨਹੀਂ ਸਕਦੀ, ਕਿਉਂਕਿ ਉਹ 'ਸਾਹਿਬੁ ਸਦਾ


www.AKJ.Org

ਹਜ਼ੂਰਿ ਹੈ', ਪਰ ਘਾਟਾ ਹੈ ਤਾਂ ਇਹ ਹੈ ਕਿ ਉਸ ਨੂੰ ਸੰਮ੍ਹਾਲਿਆ ਨਹੀਂ ਜਾਂਦਾ। ਜੇ ਉਹ ਸੰਮ੍ਹਾਲਿਆ ਜਾ ਸਕਦਾ ਹੈ ਤਾਂ ਕੇਵਲ 'ਗੁਰੂ ਦੁਆਰੈ ਹੋਇ ਕੈ' ਹੀ ਸੰਮ੍ਹਾਲਿਆ ਜਾਂਦਾ ਹੈ, ਪਰ ਇਹ ਸੰਮ੍ਹਾਲਣ ਕੀ ਅਤੇ ਕੈਸਾ ਹੈ ? 'ਸਦਾ ਹਜ਼ੂਰਿ ਸਾਹਿਬੁ' ਨੂੰ, ਅਰਥਾਤ ਉਸ ਸਰਬੱਗ ਅਤੇ ਸਰਬ-ਵਿਆਪਕ ਸੱਚੇ ਸਾਹਿਬ ਨੂੰ ਪਰਤੱਖ ਹਾਜ਼ਰਾ ਹਜ਼ੂਰ ਪੇਖਣਾ, ਸਾਂਗੋ ਪਾਂਗ ਪੇਖਣਾ, *'ਸਾਹਿਬ ਨੂੰ ਸੰਮ੍ਹਾਲਣਾ'* ਹੈ। ਅਜਿਹੀ ਸੰਮ੍ਹਾਲ ਦ੍ਰਿਸ਼ਟੀਓਂ ਅਗੋਚਰ ਤੱਤ ਅਤੇ ਸੱਚਸੱਤ ਪਦਾਰਥ ਦੀ ਸੰਮ੍ਹਾਲ ਭਲਾ ਕਦੋ ਹੋ ਸਕਦੀ ਹੈ ? ਜਦ ਕਿ ਦ੍ਰਿਸ਼ਟਮਾਨ ਮਿਥਿਆ ਮਾਇਕ ਪਦਾਰਥਾਂ ਵਿੱਚ ਪ੍ਰਾਣੀ ਲੱਥ-ਪੱਥ ਹੈ। ਕਿੰਤੂ ਜਦ ਤੀਕਰ ਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦਾ ਅਭਾਵ ਨਹੀਂ ਹੋ ਜਾਂਦਾ, ਤਦ ਤੀਕਰ ਉਸ ਸਤ ਪਦਾਰਥ ਦੀ ਸੰਮ੍ਹਾਲ ਕਦਾਚਿਤ ਸੰਭਵ ਨਹੀਂ ਅਤੇ ਇਹ *'ਹਉਮੈ'* ਦਾ ਭਰਮ-ਜਾਲ ਹੀ ਹੈ ਜਿਸ ਕਰਕੇ ਉਕਤ ਮਿਥਿਆ ਅਤੇ ਮਾਇਕ ਪਦਾਰਥਾਂ ਦਾ ਅਭਾਵ ਨਹੀਂ ਹੁੰਦਾ। ਬਸ ਕੇਵਲ "ਗੁਰੂ ਦੁਆਰੈ ਹੋਇ ਕੈ" ਹੀ ਇਹ ਭਰਮ ਜਾਲ ਕਟਿਆ ਜਾ ਸਕਦਾ ਹੈ। ਸੋ 'ਗੁਰੂ ਦੁਆਰੈ ਹੋਇ ਕੈ' ਉਹ ਸਦਾ ਹਜ਼ੂਰ ਪ੍ਰੰਭੂ ਦ੍ਰਿਸ਼ਟੀਓਂ ਅਗੋਚਰ ਸਾਹਿਬ ਕਿਸ ਸ਼ਕਲ ਵਿੱਚ ਸੰਮ੍ਹਾਲਿਆ, ਅਥਵਾ ਲਖਿਆ ਜਾਏਗਾ ? ਉਹ ਇਸ ਸ਼ਕਲ ਵਿੱਚ ਕਿ- "ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ।।" ਹਉਮੈ ਦੇ ਪ੍ਰਭਾਵ ਕਰਕੇ ਦ੍ਰਿਸ਼ਟਮਾਨ ਪਦਾਰਥਾਂ ਵਿੱਚ ਲਿਪਾਏਮਾਨ ਹੋਣ ਦਾ ਭਰਮ-ਭੁਲਾਵਾ ਜੋ ਪ੍ਰਾਣੀ ਨੂੰ ਲੱਗਾ ਹੋਇਆ ਹੈ, ਪ੍ਰਿਥਮ ਇਹ ਅਗਿਆਨ ਰੂਪੀ ਛਉੜ ਉਸ ਦੇ ਕੱਟੇ ਜਾਣਗੇ ਤਦ ਪਸਚਾਤ ਉਹ ਗੁਰੂ ਦੁਆਰੈ ਹੋਇਆ ਪ੍ਰਾਣੀ ਆਪਣੇ ਘਟ ਅੰਤਰਿ ਹੀ ਹਿਰਦੇ ਵਿਖੇ ਹੀ ਉਸ ਸੱਚੇ ਸਾਹਿਬ ਦੀ ਜਗਜੀਵਨ ਜੋਤਿ ਨੂੰ, ਪ੍ਰਕਾਸ਼ਤ ਕਰ ਕੇ ਲਖੇਗਾ। ਇਸ ਬਿਧ ਪ੍ਰਕਾਸ਼ਤ ਹੋਈ ਜੋਤਿ ਨੂੰ ਲਖਣਾ, ਸਾਹਿਬ ਨੂੰ ਸੰਮ੍ਹਾਲਣਾ ਅਤੇ ਸਦਾ ਹਜ਼ੂਰ ਪੇਖਣਾ ਅਰਥਾਤ ਪਰਤੱਖ ਕਰਨਾ ਹੈ। ਇਸ ਦੀ ਸੂਝ ਬੂਝ ਉਨ੍ਹਾਂ ਨੂੰ ਹੀ ਹੋ ਸਕਦੀ ਹੈ ਜਿਨ੍ਹਾਂ ਨੇ ਉਸ ਜੋਤਿ ਨੂੰ ਗੁਰੂ ਕਿਰਪਾ ਦੁਆਰਾ ਘਟ ਅੰਤਰ ਹੀ ਪ੍ਰਕਾਸ਼ਤ ਕਰਕੇ ਸੱਚੇ ਸਾਹਿਬ ਨੂੰ ਸਾਂਗੋ ਪਾਂਗ ਪੇਖਿਆ ਹੈ। ਜਿਨ੍ਹਾਂ ਨੇ ਸਾਹਿਬ ਨੂੰ ਸਚਮੁੱਚ ਸੰਮ੍ਹਾਲਿਆ ਹੈ ਉਨ੍ਹਾਂ ਨੂੰ ਹੀ ਸੰਮ੍ਹਾਲ ਪਦ ਦੇ ਅਰਥਾਂ ਦਾ ਸੱਚਾ ਸੁਆਦ ਤੇ ਰਸ ਆਇਆ ਹੈ। ਹਿਰਦੇ ਵਿੱਚ ਸਾਂਭ ਕੇ ਰੱਖਣ ਨਾਲੋਂ ਵਧ ਕੇ ਹੋਰ ਕਿਹੜੀ ਸੰਮ੍ਹਾਲ ਹੋ ਸਕਦੀ ਹੈ ? ਆਹਾ ! ਕਿਹੀ ਅਦੁੱਤੀ ਸੰਮ੍ਹਾਲ ਹੈ। ਇਹ ਸੰਮ੍ਹਾਲ ਹਰ-ਦਮ ਜੀਉੜੇ ਨਾਲ ਹੈ। ਜਿਥੇ ਇਹ ਜੀਉੜਾ ਤਿਥੇ ਇਹ ਸੰਮ੍ਹਾਲ, ਨਾਲ ਦੀ ਨਾਲ, ਇਕ ਨਿਮਖ ਭੀ, ਘੜੀ ਮੁਹਤ ਭੀ, ਪਲ ਚਸਾ ਭੀਂ, ਇਹ ਸੰਮ੍ਹਾਲ ਦੂਰ ਹੋਣ ਵਾਲੀ ਨਹੀਂ। ਦੂਰ ਕੀਕੂੰ ਹੋਵੇ ? ਜਦ ਇਹ ਸੰਮ੍ਹਾਲ 'ਜੀਉੜੇ ਸੇਤੀ ਰਵਿ ਰਹੀ' ਸੰਮ੍ਹਾਲ ਹੈ। ਇਹ ਕਉਤਕੀ ਸੰਮ੍ਹਾਲ ਜੀਉੜੇ ਨੂੰ ਸੁਰਜੀਤ ਕਰਨਹਾਰੀ ਸੰਮ੍ਹਾਲ ਹੈ। ਇਸ ਅਕਾਲੀ ਜੋਤਿ ਸੇਤੀ ਸੰਭਲਿਆ ਅਤੇ ਸਪੱਰਸ਼ ਹੋਇਆ ਜੀਅੜਾ ਸੁਰਜੀਤ ਕਿਉਂ ਨਾ ਹੋਵੇ ਜਦ ਕਿ ਉਹ ਸਦ-ਜੀਵਨ ਅਤੇ ਜਾਗਤ ਜੋਤਿ ਹੀ 'ਅਮਰ' 'ਅਟਲ' 'ਅਭੈ' ਅਕਾਲੀ ਤੇ ਅਬਿਨਾਸ਼ੀ ਹੈ। ਇਸੇ ਲਈ ਹੀ ਸ੍ਰੀ ਸਤਿਗੁਰੂ ਜੀ ਉਸ ਜੋਤਿ ਤੋਂ ਵਿਛੜੇ ਅਤੇ ਮਾਇਆ ਮੋਹ ਵਿਚ ਮਨੂਰ ਹੋਏ ਜੀਵਾਂ ਨੂੰ ਮਨ ਦਾ ਖਿਤਾਬ ਦੇ ਕੇ ਸਮਨੁਖ ਉਪਦੇਸ਼ ਕਰਦੇ ਹਨ। ਯਥਾ ਗੁਰਵਾਕ :-

ਮਨ ਕਰਹਲਾ ਮੇਰੇ ਪਿਆਰਿਆ
ਵਿਚਿ ਦੇਹੀ ਜੋਤਿ ਸਮਾਲਿ।।....।।੫।।

(੧੦।।੨।।੨੯) ਗਉੜੀ ਮ: ੪, ਪੰਨਾ ੨੩੫

ਦੇਹੀ ਅੰਤਰ ਜੋਤਿ ਸੰਭਾਲਣ ਦਾ ਭਾਵ ਇਸ ਅਗਲੇਰੇ ਗੁਰਵਾਕ ਤੋਂ ਸੂਚਤ ਹੁੰਦਾ ਹੈ। ਯਥਾ:-

ਅਕਾਲ ਮੂਰਤਿ ਵਰੁ ਪਾਇਆ
ਅਬਿਨਾਸੀ ਨਾ ਕਦੇ ਮਰੈ ਨ ਜਾਇਆ.........।।੨।।

(੫।।੧) ਸਿਰੀਰਾਗ ਮ: ੪ ਛੰਤ, ਪੰਨਾ ੭੮)

ਦੇਖਿਆ, ਕਿਆ ਸੋਹਣੀ ਸੰਭਾਲ ਹੈ ! ਇਹ ਸੰਭਾਲ ਅਮਰ ਅਤੇ ਅਟੱਲ ਪਦ ਨੂੰ ਪਹੁੰਚਾਣ ਵਾਲੀ ਸੰਮ੍ਹਾਲ ਹੈ। ਹਿਰਦੇ ਅੰਦਰ ਸਾਂਭ ਕੇ ਰੱਖੀ ਜਾਂਦੀ ਹੈ, ਤਾਂ ਹੀ ਤੇ ਇਸ ਦਾ ਨਾਉਂ ਸੰਮ੍ਹਾਲ ਹੈ। ਸੰਮ੍ਹਾਲ ਦੇ ਇਸੇ ਭਾਵ ਦੇ ਕਾਰਨ ਹੀ "ਸਾਹਿਬ ਸਦਾ ਹਜ਼ੂਰਿ" ਸਦਾਉਂਦਾ ਹੈ। "ਸਦਾ ਹਜ਼ੂਰਿ" ਦੇ ਅਰਥ ਉਦੋਂ ਤੀਕ ਸਮਝ ਅੰਦਰ ਨਹੀਂ ਆਉਂਦੇ ਜਦ ਤੀਕਰ *'ਸਾਹਿਬ'* ਦੀ *'ਸੰਮ੍ਹਾਲ'* ਨਾ ਹੋ ਜਾਵੇ, ਪਰ ਸੰਮ੍ਹਾਲ ਹੋਈ ਤੋਂ 'ਸਾਹਿਬ ਸਦਾ ਹਜ਼ੂਰਿ' ਕੀ ! ਕਿੰਤੂ 'ਨੇਰੈ ਹੀ ਤੇ ਨੇਰਾ ਹੈ'। ਇਸ ਸੰਮ੍ਹਾਲ ਵਿਹੂਣ ਸਦਾ-ਹਜ਼ੂਰ ਸਾਹਿਬ ਘਰ ਹੀ ਅੰਦਰ ਦੂਰ ਹੈ ਅਤੇ 'ਸਦਾ ਹਜ਼ੂਰਿ ਸਾਹਿਬ' ਦੇ ਇਸ ਬਿਧ ਸਮੀਪ ਹੁੰਦੇ ਹੋਏ ਡਰ ਦੂਰ ਅਰਥਾਤ ਦ੍ਰਿਸ਼ਟੀਓਂ ਅਗੋਚਰ ਹੋਣ ਦਾ ਕਾਰਨ ਕੇਵਲ ਇਹੋ ਹੈ ਕਿ ਜੀਵਾਂ ਉੱਤੇ ਹਉਮੈ ਦਾ ਪੜਦਾ ਪਿਆ ਹੋਇਆ ਹੈ। ਇਸ ਹਉਮੈ ਰੂਪੀ ਭਰਮ ਦੀ ਭੀਤ (ਪਾਲ, ਕੰਧ) ਦਿਲਾਂ ਦੀ ਦ੍ਰਿਸ਼ਟੀ ਦੇ ਅੱਗੇ ਉਸਰੀ ਹੋਈ ਹੈ। ਬਸ ਜੋ ਕੁੱਝ ਭੀ ਉਨ੍ਹਾਂ ਦੀ ਦ੍ਰਿਸ਼ਟੀ ਗੋਚਰ ਹੁੰਦਾ ਹੈ ਸੋ ਕੇਵਲ ਭਰਮ ਹੀ ਭਰਮ ਹੈ। 'ਮ੍ਰਿਗ ਤਿਸਨਾ ਪੇਖਿ ਭੁਲੇ



www.AKJ.Org

ਵੂਠੇ ਨਗਰ ਗੰਧ੍ਰਬ' (ਪੰਨਾ ੧੪੨੫) ਵਾਲੇ ਗੁਰਵਾਕ ਦੇ ਭਾਵ ਵਾਲੀ ਹੀ ਗੱਲ ਹੈ। ਦ੍ਰਿਸ਼ਟਮਾਨ ਪਦਾਰਥਾਂ ਵਿਖੇ ਲੁਭਾਇਮਾਨ ਹੋਏ ਜੀਵਾਂ ਦੀ ਚਿੱਤ-ਬਿਰਤੀ ਭਰਮ ਗਈ ਹੈ ਅਤੇ ਧੋਖੇ ਵਿੱਚ ਪੈ ਰਹੀ ਹੈ। ਐਥੋਂ ਤਾਈਂ ਕਿ :-

ਝੂਠੁ ਬਾਤ ਸਾ ਸਚੁ ਕਰਿ ਜਾਤੀ।।
ਸਤਿ ਹੋਵਨੁ ਮਨਿ ਲਗੈ ਨ ਰਾਤੀ।।੨।।

(੪।।੨੬।।੯੫) ਗਉੜੀ ਗੁਆਰੇਰੀ ਮ: ੫, ਪੰਨਾ ੧੮੫ ਦੇ ਗੁਰਵਾਕ ਦੇ ਭਾਵ ਵਾਲੀ ਦਸ਼ਾ ਹੋ ਰਹੀ ਹੈ। ਇਸ ਦ੍ਰਿਸ਼ਟਮਾਨ ਪ੍ਰੰਤੂ ਅ-ਸੱਤ ਪਦਾਰਥਾਂ ਦੇ ਭਰਮ ਭੁਲਾਵੇ ਰੂਪੀ 'ਹਰਿ ਚੰਦਉਰੀ' ਅਰਥਾਤ ਮਿਰਗ ਤ੍ਰਿਸ਼ਨਾ ਨੂੰ ਦੇਖ ਕੇ ਜੀਵਾਂ ਦੀ ਚਿੱਤ-ਬਿਰਤੀ ਰੂਪੀ ਦ੍ਰਿਸ਼ਟੀ ਮੂਲੋਂ ਚੁੰਧਿਆ ਗਈ ਹੈ। ਐਥੋਂ ਤਾਈਂ ਕਿ ਸਤਿ ਵਸਤੂ ਨੂੰ ਦੇਖਣੋਂ ਉੱਕੀ ਅਸਮਰੱਥ ਹੋ ਗਈ ਹੈ। ਏਸੇ ਕਰਕੇ ਗੁਰੂ ਜੀ ਫੁਰਮਾਉਂਦੇ ਹਨ ਕਿ ਜੀਵਾਂ ਦੀ ਦ੍ਰਿਸ਼ਟੀ ਵਿਖੇ ਭਰਮ ਕੇ ਛੌੜ, ਅਰਥਾਤ ਅਗਿਆਨ ਦੇ ਫੋਲੇ ਪੈ ਗਏ ਹਨ, ਜੋ ਕੇਵਲ 'ਗੁਰੂ ਦੁਆਰੈ ਹੋਇ ਕੈ' ਹੀ ਕੱਟੇ ਜਾ ਸਕਦੇ ਹਨ ਅਤੇ ਜਿਨ੍ਹਾਂ ਦੇ ਕੱਟੇ ਜਾਣ ਕਰਕੇ ਇਹ ਮੰਦ ਦ੍ਰਿਸ਼ਟੀ ਜੋ ਹੈ ਸੋ ਸਾਹਿਬ ਨੂੰ ਸਦਾ ਹਜ਼ੂਰ ਦੇਖਣਹਾਰੀ ਦਿਬ ਦ੍ਰਿਸ਼ਟੀ ਹੋ ਸਕਦੀ ਹੈ। ਪਰ ਇਹ ਭਰਮੇ ਦੇ ਛੌੜ 'ਗੁਰੂ ਦੁਆਰੈ ਹੋਇ ਕੈ' ਗੁਰੂ ਜੀ ਦੀ ਦੱਸੀ ਔਖਧੀ ਅਤੇ ਸੰਜਮ ਦੇ ਵਰਤਣ ਕਰਿ ਹੀ ਕਟੇ ਜਾਣਗੇ, ਐਵੇਂ ਨਹੀਂ। ਤਾਂਹੀਓਂ ਅਗਲੇਰੀ ਤੁਕ ਅੰਦਰ *'ਗੁਰੂ ਮਹਾਰਾਜ'* ਫੁਰਮਾਉਂਦੇ ਹਨ ਕਿ-

ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ।।
(ਪੰਨਾ ੫੫੪)

ਭਰਮ ਦੇ ਛੌੜ ਰੂਪੀ ਬਿਖੇ ਰੋਗ ਕੱਟਣ ਹਿੱਤ ਗੁਰੂ ਦੇ ਅੰਮ੍ਰਿਤ ਰੂਪੀ ਸ਼ਬਦ ਦਾ ਦਾਰੂ ਹੀ ਸਮਰੱਥ ਹੈ। ਸੋ ਗੁਰੂ ਜੀ ਹੁਕਮ ਦਿੰਦੇ ਹਨ ਕਿ ਇਹ ਸ਼ਬਦ ਰੂਪੀ ਦਾਰੂ ਭਰਮ ਰੂਪੀ ਛੌੜ ਦੇ ਗ੍ਰਸੇ ਲੋਇਣਾ ਵਿਖੇ ਲਾਵੋ। ਬਸ ਤਦੋਂ, ਕੇਵਲ ਤਦੋਂ ਹੀ ਹਉਮੈ ਰੋਗ ਤੋਂ ਅੰਧਲੇ ਹੋਏਵੇ ਬਿਖੇ ਰੋਗੀਆਂ ਦੇ ਅੰਤਰੀਂ ਨੇਤਰਾਂ ਵਿਚ ਉਸ ਜਗ-ਮਗ ਜੋਤਿ ਦੇ ਪਰਖਣ ਅਤੇ ਪੇਖਣ ਵਾਲੀ ਦਿਬ ਦ੍ਰਿਸ਼ਟ ਹੋ ਸਕਦੀ ਹੈ, ਐਵੇਂ ਨਹੀਂ। ਇਸ ਨਾਮ ਰੂਪੀ ਔਖਧੀ ਤੋਂ ਬਿਨਾਂ ਹਉਮੈ ਰੋਗ ਚੁੱਕੇ ਨਹੀਂ ਜਾ ਸਕਦੇ। ਇਹ ਨਾਮ ਉਹੀ ਹੈ 'ਜੋ ਗੁਰਮਤਿ ਅੰਦਰ' *'ਨਾਮ'* ਦੇ ਨਾਉਂ ਕਰਕੇ ਪਰਸਿੱਧ ਹੈ, ਜਿਸ ਨੂੰ ਗੁਰਬਾਣੀ ਅੰਦਰ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਅੰਦਰ ਧਿਆਵਣ ਯੋਗ *'ਨਾਮ'*, ਸੁਆਸ ਸੁਆਸ ਸਿਮਰਣ ਯੋਗ *'ਨਾਮ'*, ਨਿਮਖ ਨਿਮਖ ਅਰਾਧਨ ਯੋਗ *'ਨਾਮ'* ਦੀ ਅਪਾਰ ਪਦਵੀ ਪ੍ਰਾਪਤ ਹੈ। ਇਸ *'ਨਾਮ'* ਦੀ ਅਪਾਰ ਮਹਿਮਾ ਸੇਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਇਕ ਵਾਕ ਓਤ ਪੋਤ ਕਰਕੇ ਪਰੋਤਾ ਅਤੇ ਗੀਧਾ ਹੋਇਆ ਹੈ। ਇਸ ਅੰਮ੍ਰਿਤ ਰੂਪੀ ਨਾਮ ਦੀ ਅੰਮ੍ਰਿਤ ਭਿੰਨੀ ਮਹਿਮਾ ਦੇ ਗੁਰਬਾਣੀ ਅੰਦਰ ਰਮੇ ਹੋਏ ਹੋਣ ਦੇ ਕਾਰਨ ਹੀ ਗੁਰਬਾਣੀ ਅੰਮ੍ਰਿਤ ਰੂਪ ਹੈ ਅਤੇ ਆਪਣੇ ਨਿਜ ਸਰੂਪ ਅੰਦਰ ਏਸ ਬਿਧਿ ਰਮ ਰਹੇ ਅੰਮ੍ਰਿਤ ਨਾਮ ਰੂਪੀ ਨਾਮ ਦੇ ਪ੍ਰਕਾਸ਼ਤ ਕਰਨਹਾਰੀ ਹੋਣ ਕਰਿ ਹੀ ਗੁਰਬਾਣੀ ਨੂੰ ਗੁਰੂ ਦੀ ਅਮਰ ਪਦਵੀ ਪ੍ਰਾਪਤ ਹੈ। ਯਥਾ ਗੁਰਵਾਕ :-

ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ...੫।।(੮।।੪)
(ਨਟ ਮ: ੪, ਪੰਨਾ ੯੮੨)

(ਪੁਸਤਕ 'ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਵਿਚੋਂ)

■■■■■

(ਪੰਨਾ ੩ ਦਾ ਬਾਕੀ..........)

ਸਾਡਾ ਜੀਵਨ-ਮਨੋਰਥ ਕੀ ਹੈ ? ਸਤਿਗੁਰੂ ਅਰਜਨ ਦੇਵ ਜੀ ਇਉਂ ਦੱਸਦੇ ਹਨ-

ਭਈ ਪਰਾਪਤਿ ਮਾਨੁਖ ਦੇਹੁਰੀਆ।।
ਗੋਬਿੰਦ ਮਿਲਣ ਕੀ, ਇਹ ਤੇਰੀ ਬਰੀਆ।।
ਅਵਰਿ ਕਾਜ, ਤੇਰੈ ਕਿਤੈ ਨ ਕਾਮ।।
ਮਿਲੁ ਸਾਧਸੰਗਤਿ, ਭਜੁ ਕੇਵਲ ਨਾਮ।।੧।।
ਸਰੰਜਾਮਿ ਲਾਗੁ, ਭਵਜਲ ਤਰਨ ਕੈ।।
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।।੧।।ਰਹਾਉ।।
(ਆਸਾ ਮ: ੫, ਪੰਨਾ ੩੭੮)

ਸਤਿਗੁਰੂ ਜੀ ਕਹਿੰਦੇ ਹਨ, *"ਹੇ ਭਾਈ ! ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਣ ਦੇ ਆਹਰ ਵਿੱਚ ਵੀ ਲੱਗ। ਮਾਇਆ ਦੇ ਮੋਹ ਵਿੱਚ ਫਸ ਕੇ ਤੇਰਾ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ। ਤੈਨੂੰ ਮਨੁੱਖਾ ਜਨਮ ਦੇ ਸੋਹਣੇ ਸਰੀਰ ਦੀ ਪ੍ਰਾਪਤੀ ਹੋਈ ਹੈ, ਇਹੀ ਹੈ ਸਮਾਂ ਪਰਮਾਤਮਾ ਨੂੰ ਮਿਲਣ ਦਾ। ਤੇਰੇ ਹੋਰ ਹੋਰ ਕੰਮ ਪਰਮਾਤਮਾ ਨੂੰ ਮਿਲਣ ਦੇ ਰਸਤੇ ਵਿੱਚ ਤੇਰੇ ਕਿਸੇ ਕੰਮ ਨਹੀਂ ਆਉਣਗੇ। ਇਸ ਲਈ ਸਾਧ ਸੰਗਤਿ ਵਿੱਚ ਵੀ ਬੈਠਿਆ ਕਰ ਤੇ ਉਥੇ ਸਿਰਫ ਪ੍ਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ।"*

ਆਓ ! ਅਸੀਂ ਆਪਣੇ ਜੀਵਨ-ਉਦੇਸ਼ ਨੂੰ ਹਰ ਵੇਲੇ ਯਾਦ ਰੱਖੀਏ ਅਤੇ ਸਤਿਗੁਰੂ ਵਲੋਂ ਦਰਸਾਈ ਨਾਮ-ਸਿਮਰਨ ਦੀ ਸੱਚੀ ਕਾਰੇ ਲੱਗ ਕੇ ਆਪਣਾ ਜੀਵਨ ਸਫਲਾ ਕਰੀਏ। ■■■■■


www.AKJ.Org

# ਸਤਿਗੁਰੂ

(ਸੂਬੇਦਾਰ ਧਰਮ ਸਿੰਘ ਸੁੱਜੋਂ ਯੂ. ਕੇ.)

ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ।।
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ।। (ਪੰਨਾ ੬੫੭)

ਇਕ ਰਾਜਾ ਸਿੰਘਾਸਨ ਤੇ ਬੈਠਾ ਹੋਇਆ ਸੌਂ ਗਿਆ। ਸੁੱਤੇ ਪਏ ਨੂੰ ਸੁਪਨਾ ਆਇਆ। ਸੁਪਨੇ ਵਿੱਚ ਉਹ ਭਿਖਾਰੀ ਬਣ ਗਿਆ। ਦੁਖੀ ਹੋਣ ਲੱਗਾ। ਅੱਖ ਖੁੱਲ੍ਹ ਗਈ। ਸੁਪਨਾ ਟੁੱਟ ਗਿਆ। ਕੀ ਦੇਖਦਾ ਹੈ ਕਿ ਉਹ ਤਾਂ ਸਿੰਘਾਸਨ ਤੇ ਬੈਠਾ ਹੋਇਆ ਰਾਜੇ ਦਾ ਰਾਜਾ ਹੀ ਹੈ। ਠੀਕ ਇਹ ਹੀ ਹਾਲਤ, ਸਾਡੀ ਸੰਸਾਰੀ ਜੀਵਾਂ ਦੀ ਹੈ।

ਕਹੁ ਕਬੀਰ ਇਹੁ ਰਾਮ ਕੀ ਅੰਸੁ।।
(ਪੰਨਾ ੮੭੧)

ਰਾਮ ਕੀ ਅੰਸ਼ ਹੁੰਦੇ ਹੋਏ ਭੀ, ਸੁਪਨੇ ਵਿੱਚ ਰਾਜੇ ਦੇ ਭਿਖਾਰੀ ਬਨਣੇ ਵਾਂਗੂੰ, ਅਸੀਂ ਆਪਣੇ ਆਪ ਨੂੰ 'ਹਾਡ ਮਾਸ ਨਾੜੀ ਕਉ ਪਿੰਜਰ' ਸਮਝ, ਦੁੱਖੀ ਹੋ ਰਹੇ ਹਾਂ। ਜਿਤਨੀ ਦੇਰ ਅਸੀਂ ਇਸ *'ਕੁਸਮਝ'* ਦਾ ਸ਼ਿਕਾਰ ਹੋਏ ਰਹਾਂਗੇ, ਅਸੀਂ ਸੁਖੀ ਨਹੀਂ ਹੋ ਸਕਦੇ। ਸੁਖੀ ਹੋਣ ਲਈ ਜ਼ਰੂਰੀ ਹੈ ਕਿ ਰਾਜੇ ਦਾ ਸੁਪਨਾ ਟੁੱਟਣ ਵਾਂਗੂੰ, ਅਸੀਂ ਇਸ ਕੁਸਮਝ ਤੋਂ ਛੁਟਕਾਰਾ ਪ੍ਰਾਪਤ ਕਰ, ਆਪਣੇ ਆਪ ਨੂੰ ਮੁੜ 'ਰਾਮ ਕੀ ਅੰਸ' ਸਮਝਣ ਦੇ ਯੋਗ ਹੋ ਸਕੀਏ।

ਸਾਰੇ ਪੁਆੜੇ ਦੀ ਜੜ੍ਹ ਹੈ ਸਾਡਾ ਮਨ। ਮਨ ਖਿਆਲ ਘੜਨ ਦੀ ਇੱਕ ਮਸ਼ੀਨ ਜਾਂ Instrument of thought ਹੈ। ਕਦੇ ਇਹ ਗਿਆਨ ਇੰਦ੍ਰੀਆਂ ਤੋਂ ਮਿਲੀ ਸੂਚਨਾ ਅਨੁਸਾਰ ਖਿਆਲ ਘੜਦਾ ਹੈ। ਕਦੇ ਚਿੱਤ (ਯਾਦ ਸ਼ਕਤੀ) ਵਿੱਚ ਜਾ ਟੁੱਭੀ ਮਾਰਦਾ ਹੈ ਤੇ ਪਿਛਲੇ ਕੀਤੇ ਹੋਏ ਕਰਮਾਂ ਦੇ ਫੋਲਣੇ ਫੋਲਣ ਬੈਠ ਜਾਂਦਾ ਹੈ। ਹਰ ਵਕਤ ਖਿਆਲਾਤ ਦਾ ਐਸਾ ਚੱਕਰ ਚਲਾਈ ਰੱਖਦਾ ਹੈ ਕਿ ਸਾਨੂੰ ਇਹ ਸੋਚਣ ਦਾ ਮੌਕਾ ਹੀ ਨਹੀਂ ਦਿੰਦਾ ਕਿ ਅਸੀਂ ਸ਼ਾਂਤ ਚਿੱਤ ਹੋ ਕੇ ਸੋਚ ਸਕੀਏ ਕਿ *"ਅਸੀਂ ਕੌਣ ਹਾਂ ?"* ਅਸੀਂ ਜਿੰਦਗੀ ਭਰ ਹੀ ਇਸ ਸਰੀਰ ਨੂੰ ਹੀ *'ਆਪਾ'* ਸਮਝ ਕਾਰ ਵਿਹਾਰ ਕਰਦੇ ਹੋਏ ਆਯੂ ਬਤੀਤ ਕਰ ਜਾਂਦੇ ਹਾਂ।

ਅਸੀਂ ਗਿਆਨ ਇੰਦ੍ਰੀਆਂ ਤੋਂ ਪੂਰਨ ਗਿਆਨ ਪਰਾਪਤ ਨਹੀਂ ਕਰ ਸਕਦੇ। ਇਨ੍ਹਾਂ ਦੇ ਕੰਮ ਕਰਨ ਦਾ ਜਾਂ ਗਿਆਨ ਪ੍ਰਾਪਤ ਕਰਨ ਦਾ ਦਾਇਰਾ, ਦੋ ਹੱਦਾਂ ਦੇ ਅੰਦਰ ਸੀਮਤ ਹੈ। ਇਨ੍ਹਾਂ ਦੋ ਹੱਦਾਂ ਤੋਂ ਪਰੇ, ਇਹ ਕੁੱਝ ਭੀ ਗਿਆਨ ਪ੍ਰਾਪਤ ਨਹੀਂ ਕਰ ਸਕਦੀਆਂ। ਜਿਵੇਂ ਕਿ ਅੱਖ ਦੇ ਦੇਖਣ ਦੀ ਹੱਦ 4000 ਐਗੰਸਟਰਮ ਤੋਂ 8000 ਐਗੰਸਟਰਮ ਦੀ ਵੇਵ ਲੈਂਗਥ ਦੇ ਵਿਚਕਾਰ ਹੈ। (ਐਗੰਸਟਰਮ $= \frac{1}{10 \text{ ਅਰਬ}}$ ਮੀਟਰ ਦੀ ਵੇਵ ਲੈਂਗਥ) ਇਹ ਵੇਵ ਲੈਗੰਥ 4000 ਐਸੰਗਟਰਮ ਤੋਂ ਘੱਟ ਜਾਏ ਤਾਂ ਭੀ ਅਸੀਂ ਕੁੱਝ ਨਹੀਂ ਦੇਖ ਸਕਦੇ। 8000 ਐਗਸੰਟਰਮ ਤੋਂ ਵੱਧ ਜਾਏ ਤਾਂ ਭੀ ਸਾਨੂੰ ਕੁੱਝ ਨਜ਼ਰ ਨਹੀਂ ਆਉਂਦਾ। ਕੰਨਾਂ ਦੇ ਸੁਨਣੇ ਦੀ ਸਮਰੱਥਾ 20 ਹਾਰਟਸ (Hz) ਤੋਂ 20,000 ਹਾਰਟਸ ਦੇ ਵਿਚਕਾਰ ਹੈ। (Hz) = ਆਵਾਜ਼ ਦੀ ਫਰੀਕੁਐਂਸੀ ਦੀ ਇਕਾਈ। ਇਸੀ ਤਰ੍ਹਾਂ ਹੀ, ਜ਼ਬਾਨ, ਨੱਕ ਤੇ ਚਮੜੀ ਦੇ ਗਿਆਨ ਹਾਸਲ ਕਰਨ ਦਾ ਹਾਲ ਹੈ।

ਰਾਮ ਤੇ ਰਾਮ ਦੀ ਅੰਸ਼, ਅਤਿ ਸੂਖਸ਼ਮ ਹੋਣ ਦੇ ਕਾਰਨ, ਇਨ੍ਹਾਂ ਗਿਆਨ ਇੰਦ੍ਰੀਆਂ ਦੀ ਪਹੁੰਚ ਜਾਂ ਪਕੜ ਤੋਂ ਬਾਹਰ ਦਾ ਵਿਸ਼ਾ ਹਨ।

ਨਾਨਕ ਸੇ ਅਖੜੀਆਂ ਬਿਅੰਨਿ
ਜਿਨੀ ਡਿਸੰਦੋ ਮਾ ਪਿਰੀ।। (ਪੰਨਾ ੫੭੭)

ਚੂੰਕਿ ਅੱਖੀਆਂ ਮੌਜੂਦ ਹੁੰਦੀਆਂ ਹੋਈਆਂ ਭੀ ਇਹ ਰਾਮ ਤੇ ਰਾਮ ਦੀ ਅੰਸ਼, ਜੀਵ-ਆਤਮ ਨੂੰ ਦੇਖ ਨਹੀਂ ਸਕਦੀਆਂ। ਇਸ ਲਈ, ਇਹ ਅੱਖੀਆਂ ਇੱਕ ਤਰ੍ਹਾਂ ਨਾਲ ਅੰਧ ਹਨ।

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ।।
(ਪੰਨਾ ੯੨੨)

ਇਹ ਗਿਆਨ ਪ੍ਰਾਪਤ ਕਰਨ ਲਈ ਕਿ ਅਸੀਂ ਰਾਮ ਕੀ ਅੰਸ਼ ਹਾਂ, ਦਿਵ-ਦ੍ਰਿਸ਼ਟਿ ਲੋਇਨਾਂ ਦੀ ਲੋੜ ਪੈਂਦੀ ਹੈ। ਦਿਵ-ਦ੍ਰਿਸ਼ਟੀ ਸਤਿਗੁਰੂ ਦੇ ਮਿਲਾਪ ਉਪਰੰਤ, ਨਾਮ ਦੀ ਪਰਾਪਤੀ ਅਤੇ ਕਮਾਈ ਤੋਂ ਪੈਦਾ ਹੁੰਦੀ ਹੈ। ਇਸ ਲਈ ਇਸ ਸੰਬੰਧ ਵਿੱਚ ਸਤਿਗੁਰੂ ਦਾ ਮਿਲਾਪ, ਸਭ ਤੋਂ ਪਹਿਲੀ ਲੋੜ ਹੈ।

ਸਤਿਗੁਰੂ ਕੌਣ ਹੈ ? ਅੱਜ ਕਲ੍ਹ ਹਰ ਜਣਾ ਖਣਾ ਸਤਿਗੁਰੂ ਬਣੀ ਬੈਠਾ ਹੈ। ਇਨ੍ਹਾਂ ਵਿਚੋਂ ਕਈ ਆਪਣੇ ਆਪ ਨੂੰ ਜਗਤ ਗੁਰੂ ਅਖਵਾਉਂਦੇ ਹਨ। ਆਮ ਭੋਲੀ ਭਾਲੀ ਜਨਤਾ ਨੂੰ ਸਮਝ ਨਹੀਂ ਪੈਂਦੀ ਕਿ ਉਹ ਕਿਸ


www.AKJ.Org

ਨੂੰ ਸਤਿਗੁਰੂ ਮੰਨੇ ਤੇ ਕਿਸ ਦਾ ਲੜ ਫੜ ਕੇ ਇਸ ਭਵਜਲ ਤੋਂ ਪਾਰ ਉਤਾਰਾ ਹਾਸਿਲ ਕਰੇ। ਗੁਰਮਤਿ ਅਨੁਸਾਰ ਪੂਰੇ ਹੀ ਸੰਸਾਰ ਦਾ ਸਤਿਗੁਰੂ ਸਿਰਫ ਇਕ ਹਸਤੀ ਹੀ ਹੈ। ਇਕ ਹੀ ਸੀ ਤੇ ਅੱਗੇ ਨੂੰ ਭੀ ਉਹ ਇੱਕ ਹਸਤੀ ਹੀ ਸਤਿਗੁਰੂ ਰਹੇਗੀ। ਇਸ ਲਈ ਹਰ ਜਣੇ ਖਣੇ ਦਾ ਸਤਿਗੁਰੂ ਬਣ ਬੈਠਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਆਦਿ ਅੰਤਿ ਏਕੈ ਅਵਤਾਰਾ।।
ਸੋਈ ਗੁਰੂ ਸਮਝਿਯਹੁ ਹਮਾਰਾ।।
(ਚੌਪਈ ਬੇਨਤੀ, ਪਾ: ੧੦)

ਤੂ ਸਤਿਗੁਰੁ ਚਹੁ ਜੁਗੀ
ਆਪਿ ਆਪੇ ਪਰਮੇਸਰੁ।। (ਪੰਨਾ ੧੪੦੬)

ਕਿਆ ਇਹ ਆਪੋਂ ਬਣ ਬੈਠੇ ਸਤਿਗੁਰੂ ਜਾਂ ਜਗਤ-ਗੁਰੂ, ਗੁਰਬਾਣੀ ਦੀ ਉਪਰ ਦਿੱਤੀ ਕਸਵੱਟੀ ਤੇ ਪੂਰੇ ਉੱਤਰਦੇ ਹਨ ? ਹਰਗਿਜ਼ ਨਹੀਂ।

ਆਓ ! ਸਤਿਗੁਰੂ ਕੌਣ ਹੈ ? ਦੇ ਜਵਾਬ ਲਈ, ਇਸ ਨੂੰ ਹਕੂਮਤ ਦੇ ਕੰਮ ਦੀ ਵਿਧੀ ਨਾਲ ਜੋੜ ਕੇ ਸਮਝਣ ਦੀ ਕੋਸ਼ਿਸ਼ ਕਰੀਏ! ਕਿਸੀ ਭੀ ਹਕੂਮਤ ਦਾ ਪਰਾਈਮ ਮਨਿਸਟਰ, ਆਪਣਾ ਕੰਮ ਚਲਾਉਣ ਲਈ ਕੁਝ ਹੋਰ ਮਨਿਸਟਰ ਮੁਕੱਰਰ ਕਰਕੇ ਉਨ੍ਹਾਂ ਨੂੰ ਵੱਖੋ ਵੱਖ ਮਹਿਕਮੇ ਵੰਡ ਦਿੰਦਾ ਹੈ। ਹਰ ਇੱਕ ਨੂੰ ਮਨਿਸਟਰ ਆਪਣੇ ਆਪਣੇ ਮਹਿਕਮੇ ਦੀ ਦੇਖਭਾਲ ਕਰਨ ਜਾਂ ਕੰਮ ਚਲਾਉਣ ਲਈ ਜ਼ੁੰਮੇਵਾਰ ਹੁੰਦਾ ਹੈ। ਜਿਹੜਾ ਮਹਿਕਮਾ ਬਹੁਤ ਜ਼ਰੂਰੀ ਜਾਂ Important ਹੁੰਦਾ ਹੈ ਉਸ ਮਹਿਕਮੇ ਦੀ ਦੇਖ ਰੇਖ ਤੇ ਕੰਮ ਦੀ ਨਿਗਰਾਨੀ ਪਰਾਈਮ ਮਨਿਸਟਰ ਆਪ ਕਰਦਾ ਹੈ। ਇਸੀ ਤਰ੍ਹਾਂ ਹੀ ਅਕਾਲ-ਪੁਰਖ ਨੇ ਆਪਣਾ ਕੰਮ ਚਲਾਉਣ ਲਈ 'ਇਕ ਸੰਸਾਰੀ, ਇਕ ਭੰਡਾਰੀ, ਇਕੁ ਲਾਏ ਦੀਬਾਣੁ' ਆਦਿ, ਕਈ ਦੇਵਤਿਆਂ ਨੂੰ ਵੱਖੋ ਵੱਖ ਡੀਊਟੀਆਂ ਸੌਂਪੀਆਂ ਹੋਈਆ ਹਨ। ਅਕਾਲ-ਪੁਰਖ ਨੇ ਜਿੱਥੇ ਸੰਸਾਰ ਦੀ ਪੈਦਾਇਸ਼, ਪਰਵਰਿਸ਼, ਸੰਘਾਰ ਤੇ ਨਿਆਇ ਆਦਿ ਦੇ ਕੰਮ ਵੱਖੋ ਵੱਖ ਦੇਵਤਿਆਂ ਦੇ ਜ਼ੁੰਮੇ ਲਾਏ ਹੋਏ ਹਨ ਉਥੇ ਸੰਸਾਰ ਦੇ ਪਰਾਣੀਆਂ ਦੇ ਉਧਾਰ ਨਿਸਤਾਰੇ ਦਾ ਖਾਸ ਕੰਮ ਆਪਣੇ ਹੱਥ ਵਿੱਚ ਰੱਖਿਆ ਹੋਇਆ ਹੈ ਜਿਸ ਨੂੰ 'ਸਤਿਗੁਰੂ' ਕਰਕੇ ਆਖਿਆ ਜਾਂਦਾ ਹੈ। ਇਹ ਅਕਾਲ-ਪੁਰਖ ਦੀ ਖਾਸ ਅੰਸ਼ 'ਸਤਿਗੁਰੂ' ਆਦਿ ਕਾਲ ਤੋਂ ਹੀ, ਕਿਸੀ ਨਾ ਕਿਸੀ ਧਰਤੀ ਦੇ ਪਰਾਣੀਆਂ ਦੇ ਉਧਾਰ ਨਿਸਤਾਰੇ ਦੇ ਕੰਮ ਵਿੱਚ ਰੁੱਝੀ ਹੋਈ ਹੈ। ਇਹ ਇਕੋ ਹੀ 'ਸਤਿਗੁਰੂ' ਪੂਰੇ ਸੰਸਾਰ ਦੀਆਂ ਸਾਰੀਆਂ ਧਰਤੀਆਂ, ਜਿਥੇ ਇਨਸਾਨੀ ਆਬਾਦੀ ਮੌਜੂਦ ਹੈ, ਤੇ ਜਾਂਦੇ ਹਨ ਕੁੱਝ ਸਮਾਂ ਉੱਥੇ ਰਹਿ, ਉਥੋਂ ਦੇ ਲੋਕਾਂ ਦੇ ਉਧਾਰ ਨਿਸਤਾਰੇ ਦਾ ਰਾਹ ਪੱਧਰਾ ਕਰ, ਅੱਗੋਂ ਕਿਸੀ ਹੋਰ ਧਰਤੀ ਤੇ ਪਹੁੰਚ ਜਾਂਦੇ ਹਨ। ਇਹ ਹੀ ਅਕਾਲ-ਪੁਰਖ ਦੀ ਖਾਸ ਅੰਸ਼ 'ਸਤਿਗੁਰੂ', ਅੱਜ ਤੋਂ ਕੋਈ ਸਵਾ ਕੁ ਪੰਜ ਸੌ ਸਾਲ ਪਹਿਲਾਂ ਸਾਡੀ ਧਰਤੀ ਤੇ ਆਏ। ਦਸ ਵੱਖੋ ਵੱਖ ਜਾਮਿਆਂ ਵਿੱਚ ਵਿਚਰ, ਕੋਈ 240 ਸਾਲ ਦੇ ਕਰੀਬ ਇੱਥੇ ਰਹੇ, ਲੋਕਾਂ ਨੂੰ ਉਨ੍ਹਾਂ ਦੇ ਉਧਾਰ ਨਿਸਤਾਰੇ ਦੇ ਰਾਹ ਪਾ, ਅਖੀਰ ਆਪਣੀ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਪਰਵੇਸ਼ ਕਰ, ਕਿਸੀ ਹੋਰ ਧਰਤੀ ਦੇ ਉਧਾਰ ਲਈ ਪਇਆਨੇ ਕਰ ਗਏ, ਜਿਹਨੂੰ ਇਥੇ, ਇਸ ਧਰਤੀ ਤੇ ਸਤਿਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਜਦੋਂ ਬਗਦਾਦ ਦੇ ਪੀਰ ਗੁਲਾਮ ਦਸਤਗੀਰ ਦੇ ਪੁੱਤਰ ਨੂੰ ਨਾਲ ਲੈ, ਲੱਖਾਂ ਪਾਤਾਲਾਂ ਤੇ ਆਕਾਸ਼ਾਂ ਦੀ ਸੈਰ ਕਰਾ ਕੇ ਵਾਪਸ ਆ ਰਹੇ ਸਨ ਤਾਂ ਵਾਪਸੀ ਤੇ ਕਿਸੀ ਐਸੀ ਧਰਤੀ ਤੇ ਭੀ ਗਏ ਜਿਸ ਧਰਤੀ ਤੇ ਪਰਾਣੀਆਂ ਦੇ ਉਧਾਰ ਨਿਸਤਾਰੇ ਦਾ ਕੰਮ, ਸਾਡੀ ਧਰਤੀ ਤੇ ਆਉਣ ਤੋਂ ਪਹਿਲਾਂ ਕਰ ਚੁੱਕੇ ਸਨ, ਤਾਂ ਉਥੇ ਦੀਵਾਨ ਦੀ ਸਮਾਪਤੀ ਤੇ ਪ੍ਰਸ਼ਾਦ ਵਰਤ ਰਿਹਾ ਸੀ, ਆਪ ਜੀ ਉਥੋਂ ਪ੍ਰਸ਼ਾਦ ਦਾ ਕੌਲ ਭਰ ਕੇ ਨਿਸ਼ਾਨੀ ਵਜੋਂ ਨਾਲ ਭੀ ਲੈ ਕੇ ਆਏ। ਇਹ ਵਾਕਿਆ ਇਸ ਗੱਲ ਦਾ ਸਬੂਤ ਹੈ ਕਿ ਸਤਿਗੁਰੂ ਨਾਨਕ ਦੇਵ ਜੀ , ਸੰਸਾਰ ਦੀਆਂ ਸਭ ਧਰਤੀਆਂ ਤੇ ਪਰਾਣੀਆਂ ਤੇ ਉਧਾਰ ਨਿਸਤਾਰੇ ਦਾ ਕੰਮ ਨਿਭਾ ਰਹੇ ਹਨ। ਇਹ ਸਫ਼ਰ ਅੱਜ ਤੋਂ ਕੋਈ ਪੰਜ ਕੁ ਸੌ ਸਾਲ ਪਹਿਲਾਂ ਕੀਤਾ ਗਿਆ, ਪਰ ਸਾਇੰਸਦਾਨ ਹਾਲੇ ਤੱਕ ਕੋਈ ਭੀ ਐਸਾ ਗਰੇਹ ਦਰਿਆਫ਼ਤ ਨਹੀਂ ਕਰ ਸਕੇ ਜਿਥੇ ਕੋਈ ਇਨਸਾਨੀ ਆਬਾਦੀ ਮੌਜੂਦ ਹੋਵੇ। ਸਤਿਗੁਰੂ ਨਾਨਕ ਦੇਵ ਜੀ, ਸਿਰਫ਼ ਸਾਡੀ ਧਰਤੀ ਦੇ ਹੀ ਨਹੀਂ, ਸਿਰਫ ਕਲਯੁੱਗ ਦੇ ਹੀ ਨਹੀਂ, ਸਗੋਂ ਸਾਰੇ ਹੀ ਸੰਸਾਰ ਦੇ, ਜੁਗੋ ਜੁਗ ਅਟੱਲ, ਹਰ ਯੁੱਗ ਦੇ ਸਤਿਗੁਰੂ ਹਨ। ਇਸ ਸੰਸਾਰ ਅੰਦਰ, ਕਿਸੇ ਭੀ ਸਮੇਂ, ਸਤਿਗੁਰੂ ਨਾਨਕ ਦੇਵ ਜੀ ਤੋਂ ਬਗੈਰ ਹੋਰ ਕੋਈ ਭੀ ਗੁਰੂ ਨਹੀਂ ਹੈ।

ਸਤਿਗੁਰ ਬਾਝਹੁ ਗੁਰੁ ਨਹੀ ਕੋਈ


www.AKJ.Org

ਨਿਗੁਰੇ ਕਾ ਹੈ ਨਾਉ ਬੁਰਾ।। (ਪੰਨਾ ੪੩੫)

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਇਸ ਵਿਸ਼ੇ ਤੇ ਵਿਚਾਰ ਪੁਸਤਕ, 'ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਵਿਚ ਇਸ ਪ੍ਰਕਾਰ ਦਰਜ ਹਨ।

ਗੁਰੂ ਨਾਨਕ ਸਾਹਿਬ ਅਜ਼ਲ ਅਬਦੀ ਸਤਿਗੁਰੂ ਹਨ। ਆਦਿ ਜੁਗਾਦੀ ਸਤਿਗੁਰੂ ਹਨ। 'ਓਹ ਆਦਿ ਜੁਗਾਦੀ ਜੁਗਹ ਜੁਗ ਪੂਰਾ ਪਰਮੇਸਰ।। ਆਦਿ ਅਜਲ ਤੋਂ ਹੀ ਪਰਮੇਸ਼ਵਰ ਰੂਪ ਹਨ। ਨਿਰੰਕਾਰ ਪਰਮੇਸ਼ਵਰ ਨਾਲ, ਮੁੱਢ ਤੋਂ ਹੀ ਅਭੇਦ ਹਨ। ਨਿਰੰਕਾਰ ਵਲੋਂ ਹਰ ਜੁਗ ਅੰਦਰ ਨਿਰੰਕਾਰ ਦਾ ਆਕਾਰੀ ਸਰੂਪ ਧਾਰ ਕੇ, ਗੁਰੂ ਨਾਨਕ ਨਿਰੰਕਾਰੀ ਹੀ ਸਭ ਜੁਗੀ, ਜੀਵਾਂ ਦੇ ਉਧਾਰ ਲਈ ਆਉਂਦੇ ਹਨ।

**ਕਰਿ** ਕਿਰਪਾ ਸਤਿਗੁਰੂ ਮਿਲਾਹਾ।। (ਪੰਨਾ ੬੯੯)

ਸਤਿਗੁਰੂ ਦਾ ਮਿਲਾਪ ਅਚਨਚੇਤ ਨਹੀਂ ਹੋ ਜਾਂਦਾ। ਸਤਿਗੁਰੂ ਦਾ ਮਿਲਾਪ ਹਾਸਿਲ ਕਰਨ ਲਈ, ਪ੍ਰਭੂ ਦੀ ਕਿਰਪਾ ਦੀ ਲੋੜ ਹੈ। ਪ੍ਰਭੂ ਦੀ ਕਿਰਪਾ ਦਾ ਪਾਤਰ ਬਨਣੇ ਲਈ, ਗੁਰੂ ਗ੍ਰੰਥ ਸਾਹਿਬ ਦੇ ਪੰਨਾ ੨੯੮/੯੯ ਤੇ ਦਰਜ ਇਸ ਸੰਜਮ ਤੇ ਅਮਲ ਕਰਨ ਦੀ ਜ਼ਰੂਰਤ ਹੈ।

ਦਸਮੀ ਦਸ ਦੁਆਰ ਬਸਿ ਕੀਨੇ।।
ਮਨਿ ਸੰਤੋਖੁ ਨਾਮ ਜਪਿ ਲੀਨੇ।।
ਕਰਨੀ ਸੁਨੀਐ ਜਸੁ ਗੋਪਾਲ।।
ਨੈਨੀ ਪੇਖਤ ਸਾਧ ਦਇਆਲ।।
ਰਸਨਾ ਗੁਨ ਗਾਵੈ ਬੇਅੰਤ।।
ਮਨ ਮਹਿ ਚਿਤਵੈ ਪੂਰਨ ਭਗਵੰਤ।।
ਹਸਤ ਚਰਨ ਸੰਤ ਟਹਲ ਕਮਾਈਐ।।
ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ।।

ਪ੍ਰਭੂ ਦੀ ਕ੍ਰਿਪਾ ਤੋਂ ਬਗੈਰ ਮੰਦ ਭਾਗੇ ਪਰਾਣੀ ਨੂੰ, ਸਤਿਗੁਰੂ ਦੇ ਸੰਗ ਸਾਥ ਬੈਠਦਿਆਂ ਉਠਦਿਆਂ ਹੋਇਆ ਭੀ, ਮਿਲਾਪ ਪਰਾਪਤ ਨਹੀਂ ਹੁੰਦਾ।

ਬਿਨੁ ਭਾਗਾ ਸਤਿਗੁਰੁ ਨਾ ਮਿਲੈ
ਘਰਿ ਬੈਠਿਆ ਨਿਕਟਿ ਨਿਤ ਪਾਸਿ।।
(ਪੰਨਾ ੪੦)

ਸਗਲ ਬਨਸਪਤਿ ਮਹਿ ਬੈਸੰਤਰੁ
ਸਗਲ ਦੂਧ ਮਹਿ ਘੀਆ।।
ਊਚ ਨੀਚ ਮਹਿ ਜੋਤਿ ਸਮਾਣੀ
ਘਟਿ ਘਟਿ ਮਾਧਉ ਜੀਆ।।੧।। (ਪੰਨਾ ੬੧੭)

ਹਰ ਲੱਕੜੀ ਵਿੱਚ ਅਗਨ ਤੇ ਸਾਰੇ ਹੀ ਦੁੱਧ ਵਿੱਚ ਘਿਉ ਮੌਜੂਦ ਹੁੰਦਾ ਹੈ। ਇਸ ਨੂੰ ਪਰਗਟ ਕਰਨ ਲਈ ਇਕ ਖਾਸ ਯਤਨ ਦੀ ਲੋੜ ਹੁੰਦੀ ਹੈ। ਇਸੀ ਤਰ੍ਹਾਂ ਹੀ ਊਚ ਨੀਚ ਮਾਂਹ ਸਮਾਈ ਹੋਈ ਜੋਤਿ ਜਾਂ 'ਘਟਿ ਘਟਿ ਮਾਧਉ ਜੀਆ' ਨੂੰ ਪਰਗਟ ਕਰਨ ਲਈ ਇਹ ਖਾਸ ਵਿਧੀ ਹੈ ਜਿਸ ਦੀ ਜਾਣਕਾਰੀ ਹੁਣ ਅਕਾਲ-ਪੁਰਖ ਦੀ ਦਰਗਾਹ ਤੋਂ 'ਸਤਿਗੁਰੂ' ਨੂੰ ਪ੍ਰਾਪਤ ਹੈ। ਸਿਰਫ਼ ਸਤਿਗੁਰੂ ਹੀ ਇਕ ਐਸੀ ਮਖਸੂਸ (ਮੁਕਰਰ ਕੀਤੀ ਹੋਈ) ਹਸਤੀ ਹੈ ਜੋ ਇਸ ਵਿਧੀ ਦੀ ਵਰਤੋਂ ਕਰ ਸਕਦੀ ਹੈ। ਕੋਈ ਭੀ ਹੋਰ ਵੱਡੇ ਤੋਂ ਵੱਡਾ, ਵਲੀ, ਔਲੀਆ, ਪੀਰ ਪੈਗੰਬਰ, ਦੇਵੀ ਜਾਂ ਦੇਵਤਾ ਐਸਾ ਨਹੀਂ ਹੈ ਜੋ ਇਸ ਵਿਧੀ ਤੋਂ ਜਾਣੂੰ ਹੋਵੇ।

ਸਤਿਗੁਰੂ ਦੀ ਭੂਮਿਕਾ ਜਾਂ ਰੋਲ ਕੀ ਹੈ ?

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ।।
ਦੀਨ ਦਇਆਲਿ ਮਿਲਾਇਓ ਗੁਰੁ ਸਾਧੂ
ਗੁਰਿ ਮਿਲਿਐ ਹੀਰੁ ਪਰਾਖਾ।। (ਪੰਨਾ ੬੯੬)

ਨਿਰੰਕਾਰ ਵਿਅਕਤੀ ਨਹੀਂ, ਸ਼ਕਤੀ ਹੈ। ਨਿਰੰਕਾਰ ਦਾ ਬਦਲਵਾਂ ਰੂਪ 'ਨਾਮ' ਭੀ ਸ਼ਕਤੀ ਹੈ। ਇਸੀ ਨਾਮ ਰੂਪੀ ਸ਼ਕਤੀ ਤੋਂ ਖੰਡਾਂ ਬ੍ਰਹਮੰਡਾਂ ਦੀ ਰਚਨਾ ਹੋਈ ਤਾਂ ਨਾਮ ਖੰਡਾਂ ਬ੍ਰਹਮੰਡਾਂ ਦੇ ਕਣ ਕਣ ਵਿੱਚ ਗੁਪਤ ਹਾਲਤ ਵਿੱਚ ਮੌਜੂਦ ਹੈ। ਮੈਂ ਭੀ ਸੰਸਾਰ ਦਾ ਹੀ ਇੱਕ ਅੰਗ ਹਾਂ। ਇਸ ਲਈ ਮੇਰੇ ਅੰਦਰ ਭੀ ਨਾਮ ਦੀ ਸ਼ਕਤੀ ਗੁਪਤ ਹਾਲਤ ਵਿੱਚ ਪਹਿਲਾਂ ਤੋਂ ਹੀ ਮੌਜੂਦ ਹੈ। ਜਦੋਂ ਸ਼ਕਤੀ ਗੁਪਤ Motionless ਜਾਂ Potential ਹਾਲਤ ਵਿੱਚ ਹੁੰਦੀ ਹੈ ਤਾਂ ਇਸ ਦੀ ਹੋਂਦ ਦਾ ਕੋਈ ਥੌਹ ਪਤਾ ਨਹੀਂ ਲੱਗਦਾ। Energy does not exist untill expressed. ਜਦੋਂ ਸ਼ਕਤੀ (Energy) ਹਰਕਤ ਵਿੱਚ ਆ, ਕਿਸੀ ਨਾ ਕਿਸੀ ਸ਼ਕਲ ਵਿੱਚ ਆਪਣੀ ਹੋਂਦ ਦਾ ਪ੍ਰਗਟਾਵਾ ਕਰਦੀ ਹੈ ਤਾਂ ਪਤਾ ਚੱਲਦਾ ਹੈ ਕਿ ਇਥੇ ਸ਼ਕਤੀ ਮੌਜੂਦ ਹੈ। ਸਤਿਗੁਰੂ ਜੀ, ਸਾਡੇ ਅੰਦਰ ਪਹਿਲਾਂ ਤੋਂ ਮੌਜੂਦ, ਨਾਮ ਦੀ ਗੁਪਤ ਸ਼ਕਤੀ ਨੂੰ, ਹਰਕਤ, ਜੁੰਬਸ਼, ਲਰਜ਼ਿਸ਼ ਵਿੱਚ ਲਿਆ ਜਾਂ vibrate ਕਰ, ਗੁਪਤੋਂ ਪਰਗਟ ਕਰ ਦਿੰਦੇ ਹਨ।

'ਹਉ ਬਲਿਹਾਰੀ ਸਤਿਗੁਰ ਅਪੁਨੇ
ਜਿਨਿ ਗੁਪਤੁ ਨਾਮੁ ਪਰਗਾਝਾ।।' (ਪੰਨਾ ੬੯੭)

ਜਾਂ 'ਅੰਤਰਿ ਨਾਮੁ ਨਿਧਾਨੁ ਹੈ
ਪੂਰੈ ਸਤਿਗੁਰਿ ਦੀਆ ਦਿਖਾਈ।।(ਪੰਨਾ ੪੨੫)

ਗੁਪਤੋਂ ਪਰਗਟ ਹੋਏ 'ਨਾਮ' ਨਾਲ ਜੁੜਨ ਲਈ, ਅਰਧ ਉਰਧੀ ਸੁਆਸ ਗਿਰ੍ਹਾਸੀ ਨਾਮ ਅਭਿਆਸ ਕਮਾਈ ਦੀ ਵਿਧੀ ਦ੍ਰਿੜਾਉਂਦੇ ਹਨ। ਇਸ ਦ੍ਰਿੜਾਈ ਗਈ ਵਿਧੀ ਅਨੁਸਾਰ ਨਾਮ ਜਪਦਿਆਂ, ਇੱਕ ਸਮਾਂ ਐਸਾ ਆਉਂਦਾ ਹੈ ਜਦੋਂ ਸਾਡਾ ਮਿਲਾਪ, ਅੰਦਰੋਂ ਪ੍ਰਗਟ ਹੋਈ ਨਾਮ ਦੀ ਸ਼ਕਤੀ ਨਾਲ ਹੋ ਜਾਂਦਾ ਹੈ। ਇਸ



www.AKJ.Org

ਮਿਲਾਪ ਉਪਰੰਤ ਨਾਮ ਦਾ ਤੋਰਾ ਤੁਰ ਪੈਂਦਾ ਹੈ ਭਾਵ ਨਾਮ ਦਾ ਜਾਪ ਨਿਰਤਨ, ਆਪਣੇ ਆਪ ਹੀ ਹੋਣ ਲੱਗ ਪੈਂਦਾ ਹੈ। ਨਾਮ ਦਾ ਜਾਪ ਅਸੀਂ ਪਹਿਲਾਂ, ਯਤਨ ਕਰਕੇ, ਕੋਸ਼ਿਸ਼ ਕਰਕੇ ਜਪਦੇ ਸਾਂ। ਹੁਣ ਜਾਪ automatice ਤੌਰ ਤੇ ਹੋਣ ਲੱਗ ਪੈਂਦਾ ਹੈ। ਇਸ ਅਵਸਥਾ ਵਿੱਚ ਸੁਖਮਨੀ ਸਾਹਿਬ ਦੇ ਫੁਰਮਾਨ 'ਸਾਵਧਾਨ ਏਕਾਗਰ ਚੀਤ' ਅਨੁਸਾਰ ਇਕ ਤਾਂ ਇਹ ਖਿਆਲ ਰੱਖਣਾ ਹੈ ਕਿ ਅਸੀਂ ਸਾਵਧਾਨ ਜਾਂ ਬਾ-ਹੋਸ਼ ਰਹੀਏ। ਕਿਤੇ ਊਂਘ ਜਾਂ ਨੀਂਦ, ਜਿਸ ਨੂੰ ਧਾਰਮਿਕ ਬੋਲੀ ਵਿੱਚ *'ਤੰਦਰਾ'* ਆਖਦੇ ਹਾਂ, ਵਿਚ ਨਾ ਚਲੇ ਜਾਈਏ। ਦੂਸਰੇ ਏਕਾਗਰ ਚਿੱਤ ਹੋ, ਨਾਮ ਦੀ ਪੈਦਾ ਹੋਈ ਆਵਾਜ਼ ਜਾਂ ਧੁਨੀ ਨੂੰ ਸੁਣਦੇ ਰਹੀਏ।

ਇਹ ਸਾਰੀ ਕਾਰਵਾਈ ਨੂੰ ਹੇਠ ਲਿਖੀ ਉਦਾਹਰਨ ਦੀ ਮਦਦ ਨਾਲ ਸਮਝਣ ਦੀ ਕੋਸ਼ਿਸ਼ ਕਰੀਏ। ਮਿਸਤਰੀ ਜ਼ਮੀਨ ਵਿੱਚ ਬੋਰ ਕਰਕੇ, ਨਲਕਾ ਫਿੱਟ ਕਰਦਾ ਹੈ। ਇਸ ਤਰ੍ਹਾਂ ਉਹ ਜ਼ਮੀਨ ਵਿੱਚ ਪਹਿਲਾਂ ਤੋਂ ਮੌਜੂਦ ਜਲ ਦੇ ਗੁਪਤ ਭੰਡਾਰ ਨੂੰ ਪਰਗਟ ਕਰ ਦਿੰਦਾ ਹੈ। ਇਸ ਪ੍ਰਗਟ ਹੋਏ ਜਲ ਭੰਡਾਰ ਤੋਂ ਪਾਣੀ ਹਾਸਿਲ ਕਰਨੇ ਦੀ ਵਿਧੀ ਸਮਝਾਉਂਦਾ ਹੈ। ਆਖਦਾ ਹੈ ਕਿ ਨਲਕੇ ਦੇ ਉੱਪਰ ਵਾਲੇ ਖਾਲੀ ਹਿੱਸੇ ਵਿੱਚ ਪਾਣੀ ਪਾ ਦਿਓ। ਨਲਕੇ ਦੇ ਹੈਂਡਲ ਨੂੰ ਉਪਰ ਨੀਚੇ ਹਰਕਤ ਦਿਓ। ਇਸ ਤਰ੍ਹਾਂ ਨੀਚੇ ਦਾ ਪਾਣੀ, ਉਪਰੋਂ ਪਾਏ ਹੋਏ ਪਾਣੀ ਨਾਲ ਮਿਲਣ ਉਪਰੰਤ ਬਾਹਰ ਆਉਣਾ ਸ਼ੁਰੂ ਹੋ ਜਾਏਗਾ। ਨੀਚੇ ਦਾ ਪਾਣੀ ਇਕ ਬਾਰ, ਬਾਹਰ ਆਉਣਾ ਸ਼ੁਰੂ ਹੋ ਜਾਵੇ ਤਾਂ ਫੇਰ ਬਾਰ ਬਾਰ, ਨਲਕੇ ਦੇ ਉੱਪਰ ਵਾਲੇ ਹਿੱਸੇ ਵਿੱਚ ਪਾਣੀ ਨਹੀਂ ਪਾਉਣਾ ਪਵੇਗਾ।

ਇਸੀ ਤਰ੍ਹਾਂ ਹੀ ਸਤਿਗੁਰੂ, ਸਾਡੇ ਅੰਦਰੋਂ ਗੁਪਤ ਨਾਮ ਨੂੰ ਪ੍ਰਗਟ ਕਰ ਦਿੰਦੇ ਹਨ ਜਿਵੇਂ ਮਿਸਤਰੀ ਨੇ ਜ਼ਮੀਨ ਵਿੱਚ ਬੋਰ ਕਰਕੇ, ਹੇਠਲੇ ਜਲ ਭੰਡਾਰ ਨੂੰ ਗੁਪਤੋਂ ਪ੍ਰਗਟ ਕੀਤਾ। ਪ੍ਰਗਟ ਹੋਏ ਨਾਮ ਨਾਲ ਜੁੜਨ ਲਈ ਮਿਸਤਰੀ ਨੇ ਨਲਕੇ ਦੇ ਉੱਪਰ ਵਾਲੇ ਹਿੱਸੇ ਵਿੱਚ ਪਾਣੀ ਪਾਉਣ ਲਈ ਆਖਿਆ ਸੀ। ਸਤਿਗੁਰੂ, ਨਾਮ ਜਪਣ ਦੀ ਸੁਆਸ ਅਭਿਆਸੀ ਵਿਧੀ ਦ੍ਰਿੜ੍ਹ ਕਰਾਉਂਦਾ ਹੈ ਜਿਵੇਂ ਮਿਸਤਰੀ ਨੇ ਨਲਕੇ ਦੇ ਹੈਂਡਲ ਨੂੰ ਉੱਪਰ ਨੀਚੇ ਹਰਕਤ ਦੇਣ ਲਈ ਆਖਿਆ ਸੀ। ਇਸ ਵਿਧੀ ਅਨੁਸਾਰ, ਗੁਰ-ਸ਼ਬਦ ਦਾ ਜਾਪ ਕੀਤਿਆ, ਇਕ ਵਕਤ ਐਸਾ ਆਉਂਦਾ ਹੈ ਜਦੋਂ ਅੰਦਰੋਂ ਪ੍ਰਗਟ ਹੋਏ ਨਾਮ ਵਿਚੋਂ ਆ ਰਹੀ ਵਾਹਿਗੁਰੂ ਸ਼ਬਦ ਦੀ ਧੁਨੀ ਨਾਲ ਮਿਲਾਪ ਹੋ ਜਾਂਦਾ ਹੈ ਜਿਵੇਂ ਨਿਚਲੇ ਜਲ ਭੰਡਾਰ ਵਿਚੋਂ ਆ ਰਿਹਾ ਪਾਣੀ, ਬਾਹਰ ਨਿਕਲਣਾ ਸ਼ੁਰੂ ਹੋ ਗਿਆ ਸੀ। ਨਲਕੇ ਦੇ ਉੱਪਰ ਵਾਲੇ ਹਿੱਸੇ ਵਿੱਚ ਜੋ ਪਾਣੀ ਪਾਇਆ ਸੀ, ਉਸ ਨੂੰ ਤੁਸੀਂ ਗੁਰ-ਸ਼ਬਦ (ਨਾਮ) ਸਮਝ ਲਵੋ ਤੇ ਨੀਚੇ ਦੇ ਜਲ ਭੰਡਾਰ ਤੋਂ ਆ ਰਹੇ ਪਾਣੀ ਨੂੰ ਨਾਮ ਮਹਾਂ ਸ਼ਕਤੀ (Infinite Energy) ਵਿਚੋਂ ਆ ਰਹੀ ਵਾਹਿਗੁਰੂ ਸ਼ਬਦ ਦੀ ਧੁਨੀ ਸਮਝ ਲਵੋ।

ਅਸੀਂ ਉੱਪਰ ਪੜ੍ਹਿਆ ਹੈ ਕਿ ਨਾਮ ਜਪਦਿਆਂ ਇੱਕ ਸਮਾਂ ਐਸਾ ਆਉਂਦਾ ਹੈ ਜਦੋਂ ਸਾਡਾ ਮਿਲਾਪ ਅੰਦਰੋਂ ਪ੍ਰਗਟ ਹੋਏ ਨਾਮ ਨਾਲ ਹੋ, ਨਾਮ ਦਾ ਜਾਪ ਜਾਂ ਸਿਮਰਨ, ਨਿਰਯਤਨ ਹੀ ਆਪ ਮੁਹਾਰਾ ਹੋਣ ਲੱਗ ਪੈਂਦਾ ਹੈ ਜਿਸ ਨੂੰ ਅਜਪਾ-ਜਾਪ ਭੀ ਆਖਿਆ ਜਾਂਦਾ ਹੈ। ਇਸ ਅਵਸਥਾ ਵਿੱਚ ਸਾਨੂੰ ਨਾਮ ਜਪਣ ਲਈ ਕੋਈ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਸਾਡਾ ਕੰਮ ਹੁਣ ਨਾਮ ਦੇ ਜਾਪ ਜਾਂ ਸਿਮਰਨ ਦੀ ਜੋ ਭੀ ਆਵਾਜ਼ ਜਾਂ ਧੁਨੀ ਆ ਰਹੀ ਹੈ, ਉਸ ਨੂੰ ਸੁਨਣਾ ਹੈ। ਸਰੀਰ ਨਾਲੋਂ *'ਸੁਰਤੀ'* ਦਾ ਸੰਬੰਧ ਟੁੱਟ ਜਾਂਦਾ ਹੈ। ਅਭਿਆਸ ਹੋਰ ਵੱਧਣ ਤੇ ਸੁਰਤੀ ਪੂਰੀ ਤਰ੍ਹਾਂ ਸ਼ਬਦ ਦੀ ਧੁਨੀ ਵਿੱਚ ਲੀਨ ਹੋ, ਆਪਣਾ ਵੱਖਰਾ ਸਰੂਪ ਗੁਆ, Totally Self-surrender ਕਰ ਦਿੰਦੀ ਹੈ। ਇਹ ਹੈ ਗੁਰਮਤਿ ਦਾ ਮੂਲ ਸਿਧਾਂਤ, "ਸੁਰਤਿ ਸਬਦਿ ਭਵਸਿਗਰੁ ਤਰੀਐ" (ਪੰਨਾ ੬੩੮)

ਇਸ ਅਵਸਥਾ ਤੇ ਪਹੁੰਚਿਆਂ ਸਾਡਾ ਸੰਬੰਧ, ਸਰੀਰ ਅਤੇ ਸੰਸਾਰ ਨਾਲੋਂ ਟੁੱਟ ਆਪਣੀ ਜੀਵ-ਆਤਮਾ ਨਾਲ ਹੋ ਜਾਂਦਾ ਹੈ। ਜੀਵ-ਆਤਮਾ, ਰਾਮ ਦੀ ਅੰਸ਼ ਹੋਣ ਦੇ ਨਾਤੇ ਜੋਤੀ ਸਰੂਪ ਹੈ। ਜੀਵ-ਆਤਮਾ ਦੀ ਜੋਤਿ ਦੇ ਪਰਤੱਖ ਦਰਸ਼ਨ ਕਰਕੇ, ਰਾਜੇ ਦੇ ਸੁਪਨੇ ਦੇ ਟੁੱਟਣ ਵਾਂਗੂੰ ਸਾਡੀ ਭੀ ਅੱਖ ਖੁੱਲ੍ਹਦੀ ਹੈ ਕਿ ਅਸੀਂ ਤਾਂ ਸਰੀਰ ਨਹੀਂ। ਅਸੀਂ ਤਾਂ ਰਾਮ ਦੀ ਅੰਸ਼, ਜੀਵ-ਆਤਮਾ ਹਾਂ। ਸਰੀਰ ਨੂੰ ਆਪਾ-ਮਨ, ਜੋ ਅੱਜ ਤੱਕ ਅਸੀਂ ਦੁੱਖ ਕਲੇਸ਼ ਭੋਗਦੇ ਰਹੇ ਹਾਂ, ਸਭ ਖਤਮ ਹੋ ਜਾਂਦੇ ਹਨ। ਸਰੀਰ ਦੁਆਰਾ ਕੀਤੇ ਕਰਮ ਭੀ ਦਗਧ ਹੋ ਜਾਂਦੇ ਹਨ, ਕਰਮਾਂ ਦਾ ਫਲ ਭੋਗਣ ਲਈ ਹੀ ਅਸੀਂ ਅੱਗੋਂ ਹੋਰ ਜਨਮ ਲੈਂਦੇ ਹਾਂ। ਕਰਮ ਦੇ ਨਾਸ਼ ਤੇ ਜਨਮ-ਮਰਨ ਦਾ ਚੱਕਰ ਭੀ ਖਤਮ ਹੋ ਜਾਂਦਾ ਹੈ। ਜੀਵ-ਆਤਮਾ, ਜਨਮ-ਮਰਨ ਤੋਂ ਮੁਕਤ ਹੋ ਜਾਂਦੀ ਹੈ।

ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥
(ਪੰਨਾ ੧੧੬੭)

■■■■■


www.AKJ.Org

# ਸਿੱਧਾਂ ਦੇ ਸਵਾਲ ਤੇ ਗੁਰੂ ਨਾਨਕ ਦੇਵ ਜੀ ਦੇ ਜਵਾਬ

(ਸਿਧ ਗੋਸਟਿ ਦੇ ਆਧਾਰ ਤੇ)

**ਸਵਾਲ :-** ਤੁਹਾਡਾ ਕੀ ਮਤ ਹੈ ਤੇ ਉਸ ਦਾ ਕੀ ਮਨੋਰਥ ਹੈ ?

**ਜਵਾਬ :-** ਮੇਰਾ ਮਤ ਹੈ *"ਸਤਸੰਗ ਦਾ ਆਸਰਾ ਲੈ ਕੇ ਪ੍ਰਭੂ ਦਾ ਸਿਮਰਨ ਕਰਨਾ।"* ਮਨੁੱਖ ਦੀ ਸਭ ਤੋਂ ਵੱਡੀ ਸਿਆਣਪ ਇਹੀ ਹੈ ਕਿ ਗੁਰੂ ਤੇ ਦੱਸੇ ਰਾਹ ਤੇ ਤੁਰ ਕੇ ਆਪਣੇ ਆਪ ਨੂੰ ਪਛਾਣੇ ਤੇ ਪ੍ਰਭੂ ਚਰਨਾਂ ਵਿੱਚ ਜੁੜਿਆ ਰਹੇ।

**ਸਵਾਲ :-** ਸੰਸਾਰ ਇੱਕ ਐਸੇ ਸਮੁੰਦਰ ਵਰਗਾ ਹੈ ਜਿਸ ਵਿਚੋਂ ਪਾਰ ਲੰਘਣਾ ਬਹੁਤ ਔਖਾ ਹੈ। ਤੁਹਾਡੇ ਮਤ ਅਨੁਸਾਰ ਇਸ ਤੋਂ ਪਾਰ ਲੰਘਣ ਦਾ ਕੀ ਢੰਗ ਹੈ ?

**ਜਵਾਬ :-** ਜੋ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਇੱਕ ਅਕਾਲ ਪੁਰਖ ਨੂੰ ਆਪਣੇ ਮਨ ਵਿੱਚ ਵਸਾਈ ਰੱਖਦਾ ਹੈ ਉਹ ਦੁਨਿਆਵੀ ਆਸਾਂ ਦੇ ਜਾਲ ਤੋਂ ਪਰੇ ਰਹਿੰਦਾ ਹੈ ਤੇ ਇਸ ਤਰ੍ਹਾਂ ਸੰਸਾਰ ਵਿੱਚ ਕਿਰਤ-ਕਾਰ ਕਰਦਾ ਹੋਇਆ ਭੀ ਇਵੇਂ ਨਿਰਲੇਪ (ਅਛੋਹ) ਰਹਿੰਦਾ ਹੈ ਜਿਵੇਂ ਪਾਣੀ ਵਿੱਚ ਕੌਲ ਫੁੱਲ ਨਹੀਂ ਭਿੱਜਦਾ, ਜਿਵੇਂ ਮੁਰਗਾਬੀ ਦੇ ਖੰਭ ਨਹੀਂ ਭਿੱਜਦੇ।

**ਸਵਾਲ :-** ਇਹ ਕਿਵੇਂ ਪਤਾ ਲੱਗੇ ਕਿ ਗੁਰੂ ਦਾ ਦਰ ਲੱਭ ਪਿਆ ਹੈ ?

**ਜਵਾਬ :-** ਗੁਰੂ ਦੇ ਮਿਲਣ ਦੀ ਇਹ ਨਿਸ਼ਾਨੀ ਹੈ ਕਿ ਚੰਚਲ ਮਨ ਚੰਚਲਤਾ ਛੱਡ ਕੇ ਪ੍ਰਭੂ ਦੀ ਯਾਦ ਵਿੱਚ ਜੁੜਿਆ ਰਹਿੰਦਾ ਹੈ, ਪ੍ਰਭੂ ਦਾ ਨਾਮ ਮਨੁੱਖ ਦੇ ਜੀਵਨ ਦਾ ਆਸਰਾ ਬਣ ਜਾਂਦਾ ਹੈ। ਵੈਸੇ ਇਹ ਪ੍ਰਾਪਤੀ ਪ੍ਰਭੂ ਦੀ ਮੇਹਰ ਨਾਲ ਹੀ ਹੁੰਦੀ ਹੈ।

ਲੋਹਾਰੀਪਾ ਜੋਗੀ ਨੇ ਸੰਸਾਰ ਸਮੁੰਦਰ ਤੋਂ ਨਿਰਲੇਪ ਰਹਿਣ ਦੀ ਜੋਗ-ਮਤ ਦੀ ਵਿਧੀ ਇਉਂ ਦੱਸੀ:-

ਦੁਨੀਆਂ ਦੇ ਧੰਧਿਆਂ ਤੋਂ ਵੱਖਰੇ ਰਹਿਣਾ, ਘਰ ਬਾਰ ਛੱਡ ਕੇ ਦਰੱਖਤਾਂ ਹੇਠ ਟਿਕਣਾ ਤੇ ਕੰਦ ਮੂਲ ਖਾ ਕੇ ਗੁਜ਼ਾਰਾ ਕਰਨਾ ਅਤੇ ਤੀਰਥਾਂ ਦੇ ਇਸ਼ਨਾਨ। ਇਉਂ ਮਨ ਨੂੰ ਵਿਕਾਰਾਂ ਦੀ ਮੈਲ ਨਹੀਂ ਲੱਗਦੀ ਤੇ ਮਨ ਸੁੱਖੀ ਰਹਿੰਦਾ ਹੈ।

**ਗੁਰੂ ਨਾਨਕ ਦੇਵ ਜੀ ਦਾ ਜਵਾਬ :-**

ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣਾ ਕੰਨਾਂ ਦੀਆਂ ਮੁੰਦ੍ਰਾਂ ਹਨ, ਹਰ ਥਾਂ ਪ੍ਰਭੂ ਨੂੰ ਵਿਆਪਕ ਸਮਝਣਾ ਗੋਦੜੀ ਤੇ ਝੋਲੀ ਹੈ, ਨਾਮ ਦੀ ਬਰਕਤ ਨਾਲ ਦੁਨਿਆਵੀ ਖਾਹਸ਼ਾਂ ਵਲੋਂ ਮੁੜੀ ਹੋਈ ਸੁਰਤਿ ਖਪਰੁ ਹੈ, ਸਰੀਰ ਨੂੰ ਵਿਕਾਰਾਂ ਤੋਂ ਪਵਿੱਤ੍ਰ ਰੱਖਣਾ ਦੱਭ (ਪਰਾਲੀ) ਦਾ ਆਸਣ ਹੈ, ਵੱਸ ਵਿੱਚ ਆਇਆ ਹੋਇਆ ਮਨ ਲੰਗੋਟੀ ਹੈ। ਸੋ, ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦਾ ਨਾਮ ਸਿਮਰੋ।

**ਸਵਾਲ :-** ਉਹ ਕੌਣ ਹੈ ਜਿਸ ਨੂੰ ਤੁਸੀਂ *"ਭਰਪੁਰਿ ਰਹਿਆ"* ਕਹਿੰਦੇ ਹੋ ? ਉਸ ਵਿੱਚ ਤਨੋਂ, ਮਨੋਂ ਕਿਵੇਂ ਲੀਨ ਹੋ ਕੇ ਮੁਕਤ ਹੋ ਸਕੀਦਾ ਹੈ ?

**ਜਵਾਬ :-** ਪਰਮਾਤਮਾ ਹਰੇਕ ਸਰੀਰ ਵਿੱਚ ਵਿਆਪਕ ਹੈ, ਗੁਰੂ ਦੇ ਸ਼ਬਦ ਰਾਹੀਂ ਤਨੋਂ ਮਨੋਂ ਉਸ ਵਿੱਚ ਜੁੜ ਕੇ *"ਦੁਨੀਆ ਸਾਗਰ ਦੁਤਰੁ"* ਤੋਂ ਮੁਕਤ ਹੋ ਜਾਈਦਾ ਹੈ। ਪਰ ਜੇਹੜਾ ਮਨੁੱਖ ਆਪਣੇ ਮਨ ਦੇ ਮਗਰ ਤੁਰਦਾ ਹੈ, ਉਹ ਭਾਵੇਂ ਮੁੰਦ੍ਰਾ, ਖਿੰਥਾ ਆਦਿਕ ਭੀ ਧਾਰੇ, ਫਿਰ ਵੀ ਉਹ ਜਨਮ ਮਰਨ ਦੇ ਚੱਕਰ ਵਿੱਚ ਫਸਿਆ ਰਹਿੰਦਾ ਹੈ।

**ਸਵਾਲ :-** ਇਹ ਜੀਵ ਕਿਵੇਂ ਐਸਾ ਜਕੜਿਆ ਹੋਇਆ ਹੋਇਆ ਹੈ ਕਿ ਸੱਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ ਤੇ ਇਹ ਅੱਗੋਂ ਆਪਣੇ ਬਚਾਅ ਲਈ ਨੱਠ ਭੀ ਨਹੀਂ ਸਕਦਾ ?

**ਜਵਾਬ :-** ਮਨੁੱਖ ਖੋਟੀ ਮੱਤ ਦਾ ਸ਼ਿਕਾਰ ਹੋਇਆ ਰਹਿੰਦਾ ਹੈ, ਸੱਪਣੀ ਮਾਇਆ ਇਸ ਨੂੰ ਅੰਦਰੋਂ-ਅੰਦਰ ਖਾਈ ਜਾਂਦੀ ਹੈ ਪਰ ਚਸਕਿਆਂ ਵਿਚੋਂ ਇਸ ਦਾ ਨਿਕਲਣ ਨੂੰ ਜੀਅ ਨਹੀਂ ਕਰਦਾ, ਚਸਕਿਆਂ ਦਾ ਇਹ ਹਨ੍ਹੇਰਾ ਇਸ ਨੂੰ ਚੰਗਾ ਲੱਗਦਾ ਹੈ।

ਜਿਹੜਾ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਸ ਦਾ ਮਨ ਚਸਕਿਆਂ ਤੋਂ ਉੱਪਰ ਉੱਠ ਕੇ ਇੱਕ ਐਸੀ ਅਵਸਥਾ ਵਿੱਚ ਪਹੁੰਚਦਾ ਹੈ ਜਿਥੇ ਮਾਇਆ ਵਾਲੀ ਭਟਕਣਾ ਪੋਹ ਨਹੀਂ ਸਕਦੀ। ਘਰ ਤਿਆਗ ਕੇ ਕਿਸੇ ਗੁਫਾ ਵਿੱਚ ਸਮਾਧੀ ਲਾਉਣ ਦੀ ਥਾਂ ਅਸੀਂ ਗ੍ਰਿਹਸਤ ਵਿੱਚ ਰਹਿੰਦੇ ਹੀ ਉਸ ਸਹਜ-ਗੁਫਾ ਵਿੱਚ ਬੈਠ ਕੇ ਸੁੰਨ-ਸਮਾਧੀ ਲਾਉਂਦੇ ਹਾਂ।

**ਸਵਾਲ :-** ਜਦੋਂ ਸੁਮੇਰ ਪਰਬਤ ਤੇ ਤੁਸੀਂ ਸਾਨੂੰ



www.AKJ.Org

ਮਿਲੇ ਸੀ ਤਾਂ ਤੁਸੀਂ ਵੀ ਉਦਾਸੀ ਭੇਖ ਧਾਰਿਆ ਹੋਇਆ ਸੀ। ਜੇ *'ਹਾਟੀ ਬਾਟੀ'* ਨੂੰ ਤਿਆਗਣਾ ਨਹੀਂ ਹੈ ਤਾਂ ਤੁਸਾਂ ਘਰ ਕਿਉਂ ਛੱਡਿਆ ਸੀ ?

ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਆਪਣੇ ਸਿੱਖਾਂ ਨੂੰ ਤੁਸੀਂ ਕਿਹੜਾ ਰਸਤਾ ਦੱਸਦੇ ਹੋ ?

**ਜਵਾਬ :-** ਅਸੀਂ ਤਾਂ ਉਦੋਂ ਗੁਰਮੁਖਾਂ ਨੂੰ ਲੱਭਣ ਵਾਸਤੇ ਘਰੋਂ ਨਿਕਲੇ ਸੀ। *"ਦੁੱਤਰ ਸਾਗਰ"* ਤੋਂ ਪਾਰ ਲੰਘਣ ਲਈ ਗ੍ਰਿਹਸਤ ਤਿਆਗਣ ਦੀ ਲੋੜ ਨਹੀਂ। ਮਨੁੱਖ ਗੁਰੂ ਦੇ ਸਨਮੁੱਖ ਹੋ ਕੇ ਪ੍ਰਭੂ ਦਾ ਨਾਮ ਸਿਮਰਦਿਆਂ ਵਿਕਾਰਾਂ ਤੋਂ ਬਚ ਸਕਦਾ ਹੈ।

**ਸਵਾਲ :-** ਦੁਨੀਆਂ ਵਿੱਚ ਰਹਿ ਕੇ ਮਾਇਆ ਦੇ ਪ੍ਰਭਾਵ ਤੋਂ ਬਚਣਾ ਇਵੇਂ ਹੀ ਬੜਾ ਔਖਾ ਹੈ ਜਿਵੇਂ ਕੋਈ ਮਨੁੱਖ ਦੰਦਾਂ ਤੋਂ ਬਿਨਾਂ ਲੋਹਾ ਚੱਬਣ ਦੀ ਕੋਸ਼ਿਸ਼ ਕਰੇ। ਹੇ ਨਾਨਕ ! ਤੂੰ ਆਪਣਾ ਜੀਵਨ ਕਿਵੇਂ ਪਲਟ ਲਿਆ ? ਮਨ ਦੀਆਂ ਆਸਾਂ ਤੇ ਮਨ ਦੇ ਫੁਰਨੇ ਤੂੰ ਕਿਵੇਂ ਖਤਮ ਕਰ ਲਏ ? ਰੱਬੀ ਪ੍ਰਕਾਸ਼ ਤੈਨੂੰ ਕਿਵੇਂ ਮਿਲ ਗਿਆ ?

**ਜਵਾਬ :-** ਮਾਇਆ ਦੀ ਚੋਟ ਤੋਂ ਬਚਣਾ ਹੈ ਤਾਂ ਲੋਹਾ ਚੱਬਣ ਵਾਂਗ ਬਹੁਤ ਔਖਾ ਪਰ ਮੈਂ ਜਿਉਂ ਜਿਉਂ ਗੁਰੂ ਦੀ ਸਿਖਿਆ ਤੇ ਚੱਲਿਆ ਮੇਰੇ ਮਨ ਦੀ ਭਟਕਣਾ ਖਤਮ ਹੁੰਦੀ ਗਈ। ਜਿਉਂ ਜਿਉਂ ਮੈਨੂੰ ਪ੍ਰਭੂ ਨਾਲ ਜੁੜਨ ਦਾ ਆਨੰਦ ਆਇਆ ਮੇਰਾ ਮਨ ਪਤੀਜਦਾ ਗਿਆ। ਗੁਰੂ ਤੇ ਸ਼ਬਦ ਦੀ ਬਰਕਤ ਨਾਲ ਮੇਰੇ ਮਨ ਦੇ ਫੁਰਨੇ ਅਤੇ ਦੁਨੀਆਂ ਵਾਲੀਆਂ ਆਸਾਂ ਮੁੱਕਦੀਆਂ ਗਈਆਂ, ਮੈਨੂੰ ਰੱਬੀ ਪ੍ਰਕਾਸ਼ ਲੱਭ ਪਿਆ ਤੇ ਮਾਇਆ ਮੇਰੇ ਲਾਗੇ ਨਾ ਆ ਸਕੀ। ਇਹ ਸਭ ਪ੍ਰਭੂ ਦੀ ਬਖਸ਼ਿਸ਼ ਸੀ।

**ਸਵਾਲ :-** ਸ੍ਰਿਸ਼ਟੀ ਦੀ ਉਤਪਤੀ ਬਾਰੇ ਤੁਹਾਡਾ ਕੀ ਵਿਚਾਰ ਹੈ ? ਜਦੋਂ ਦੁਨੀਆਂ ਨਹੀਂ ਹੁੰਦੀ, ਨਿਰਗੁਣ ਰੂਪ ਪ੍ਰਭੂ ਕਿੱਥੇ ਟਿਕਿਆ ਰਹਿੰਦਾ ਹੈ ? ਇਹ ਜੀਵ ਕਿੱਥੋਂ ਆਉਂਦਾ ਹੈ ਤੇ ਕਿੱਥੇ ਚਲਾ ਜਾਂਦਾ ਹੈ ?

**ਜਵਾਬ :-** ਸ੍ਰਿਸ਼ਟੀ ਦੀ ਉਤਪਤੀ ਦੀ ਵਿਚਾਰ ਤਾਂ ਹੈਰਾਨੀ ਹੀ ਹੈਰਾਨੀ ਪੈਦਾ ਕਰਦੀ ਹੈ, ਕੋਈ ਵੀ ਇਸ ਬਾਰੇ ਕੁੱਝ ਨਹੀਂ ਦੱਸ ਸਕਦਾ। ਜਦੋਂ ਦੁਨੀਆਂ ਨਹੀਂ ਸੀ, ਪਰਮਾਤਮਾ ਆਪਣੇ ਆਪ ਵਿੱਚ ਟਿਕਿਆ ਹੋਇਆ ਸੀ। ਸ੍ਰਿਸ਼ਟੀ-ਰਚਨਾ ਹੋ ਜਾਣ ਤੇ ਇਹ ਜੀਵ ਪ੍ਰਭੂ ਦੇ ਹੁਕਮ ਵਿੱਚ ਹੀ ਇੱਥੇ ਆਉਂਦਾ ਹੈ ਤੇ ਹੁਕਮ ਅਨੁਸਾਰ ਹੀ ਇਥੋਂ ਤੁਰ ਪੈਂਦਾ ਹੈ।

**ਸਵਾਲ :-** ਮਨੁੱਖ ਕਿਸ ਆਸਰੇ ਜੀਉਂਦਾ ਰਹਿ ਸਕਦਾ ਹੈ ? ਮਨੁੱਖ ਕਿਸ ਦੀ ਸਿੱਖਿਆ ਤੇ ਤੁਰ ਕੇ *"ਦੁਤਰ ਸਾਗਰ"* ਦੁਨੀਆਂ ਵਿੱਚ ਰਹਿੰਦਾ ਹੋਇਆ ਵੀ ਮਾਇਆ ਤੇ ਮੋਹ ਤੋਂ ਨਿਰਲੇਪ ਰਹਿ ਸਕੇ ?

**ਜਵਾਬ :-** ਜੀਵਨ ਸੁਆਸਾਂ ਦੇ ਆਸਰੇ ਟਿਕਿਆ ਰਹਿੰਦਾ ਹੈ। ਜੇ ਮਨੁੱਖ ਸਤਿਗੁਰੂ ਦੇ ਸ਼ਬਦ ਵਿੱਚ ਆਪਣੀ ਸੁਰਤਿ ਜੋੜੀ ਰੱਖੇ, ਪਰਮਾਤਮਾ ਦੇ ਗੁਣ ਚੇਤੇ ਰੱਖਦਾ ਰਹੇ ਤਾਂ ਮਾਇਆ ਦੇ ਮੋਹ ਤੋਂ ਬਚਿਆ ਰਹਿੰਦਾ ਹੈ ਕਿਉਂਕਿ ਗੁਰ-ਸ਼ਬਦ ਦੀ ਬਰਕਤ ਨਾਲ ਮਨੁੱਖ ਦੀ ਹਉਮੈ ਦੀ ਅੱਗ ਮਿਟ ਜਾਂਦੀ ਹੈ।

ਮਨੁੱਖ ਦੇ ਅੰਦਰ ਰੱਬੀ ਜੋਤਿ ਵੱਸ ਰਹੀ ਹੈ ਜੋ ਪਿਆਰ, ਕੋਮਲਤਾ ਤੇ ਸ਼ਾਂਤੀ ਦਾ ਪੁੰਜ ਹੈ ਪਰ ਮਾਇਆ ਦੇ ਮੋਹ ਕਾਰਨ ਇਸ ਜੀਵ ਨੂੰ ਤ੍ਰਿਸ਼ਨਾ ਦੀ ਅੱਗ ਨੇ ਘੇਰਿਆ ਹੋਇਆ ਹੈ, ਇਸ ਅੱਗ ਵਿੱਚ ਜੀਵ ਸੜਦਾ ਹੈ ਤੇ ਭਟਕਦਾ ਹੈ। ਹਉਮੈ ਵਿੱਚ ਫਸ ਕੇ ਜੀਵ ਦੂਜਿਆਂ ਨਾਲ ਖਰ੍ਹਵਾ ਸਲੂਕ ਕਰਦਾ ਹੈ, ਇਸ ਖਰਵਾ-ਪਨ ਦੇ ਕਾਰਨ ਜੀਵਨ ਦੁੱਖਦਾਈ ਹੋ ਜਾਂਦਾ ਹੈ ਅਰਥਾਤ ਜੀਵ ਨੂੰ ਲੋਹਾ ਚੱਬਣਾ ਪੈ ਰਿਹਾ ਹੈ।

**ਸਵਾਲ :-** ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਚੱਬਿਆ ਜਾਏ ? ਬਰਫ ਦੇ ਘਰ ਦੁਆਲੇ ਜੇ ਅੱਗ ਦਾ ਚੋਲਾ ਪਾਇਆ ਹੋਇਆ ਹੋਵੇ ਤਾਂ ਕਿਹੜੀ ਗੁਫਾ ਵਰਤੀਏ ਜਿੱਥੇ ਉਹ ਬਰਫ ਪੰਘਰ ਨਾ ਜਾਏ ?

**ਜਵਾਬ :-** ਰੱਬੀ ਕੋਮਲਤਾ ਤੇ ਸ਼ਾਂਤੀ ਬਰਫ ਸਾਮਾਨ ਹੈ। ਇਸ ਨੂੰ ਤ੍ਰਿਸ਼ਨਾ ਦੀ ਅੱਗ ਤੋਂ ਬਚਾਉਣ ਦਾ ਇਕੋ ਹੀ ਤਰੀਕਾ ਹੈ ਕਿ ਮਨੁੱਖ ਗੁਰੂ ਦੀ ਰਜ਼ਾ ਵਿੱਚ ਚੱਲੇ ਤੇ ਹਰ ਥਾਂ ਇੱਕ ਪਰਮਾਤਮਾ ਨੂੰ ਹੀ ਵੇਖੇ। ਗੁਰੂ ਦੀ ਰਜ਼ਾ ਵਿੱਚ ਰਹਿਣਾ ਇੱਕ ਐਸੀ ਗੁਫਾ ਹੈ ਜਿਥੇ ਤ੍ਰਿਸ਼ਨਾ ਦੀ ਅੱਗ ਅੰਦਰਲੀ ਸ਼ਾਂਤੀ ਨੂੰ ਮੁਕਾ ਨਹੀਂ ਸਕਦੀ।

ਜਿਉਂ ਜਿਉਂ ਮਨੁੱਖ ਆਪਣੇ ਮਨ ਦੇ ਮਗਰ ਤੁਰਦਾ ਹੈ ਤਿਉਂ ਤਿਉਂ ਉਸਦੀ ਹਉਮੈਂ ਵੱਧਦੀ ਹੈ, ਦੂਜਿਆਂ ਨਾਲ ਰੁੱਖਾ ਸਲੂਕ ਕਰਦਾ ਹੈ ਤੇ ਚਾਰ ਚੁਫੇਰਿਉਂ ਆਪਣੇ ਵਾਸਤੇ ਰੱਖਾ-ਪਨ ਸਹੇੜਦਾ ਹੈ ਜੋ ਇਸ ਨੂੰ ਦੁੱਖੀ ਕਰਦਾ ਹੈ। ਇਸ ਦਾ ਇਲਾਜ ਇਹੀ ਹੈ ਕਿ ਮਨੁੱਖ ਸਤਿਗੁਰੂ ਦੇ ਸ਼ਬਦ ਵਿੱਚ ਆਪਣਾ ਮਨ ਜੋੜੇ। ਸ਼ਬਦ ਦੀ ਬਰਕਤ ਨਾਲ ਜਿਉਂ ਜਿਉਂ ਹਉਮੈ-ਅਹੰਕਾਰ ਮਿਟੇਗਾ, ਲੋਕਾਂ ਵਲੋਂ ਵੀ ਖਰ੍ਹਵਾ ਸਲੂਕ ਨਹੀਂ ਹੋਵੇਗਾ। ਇਉਂ ਆਪਣੇ ਅੰਦਰਲਾ ਨਵਾਂ ਪੈਦਾ



www.AKJ.Org

ਹੋਇਆ ਪਿਆਰ ਬਾਹਰਲੇ ਖਰ੍ਹਵੇ-ਪਨ ਨੂੰ ਖਤਮ ਕਰ ਦੇਵੇਗਾ। ਇਹੀ ਮੋਮ ਦੇ ਦੰਦਾਂ ਨਾਲ ਲੋਹੇ ਨੂੰ ਚੱਬਣਾ ਹੈ।

**ਸਵਾਲ** :- ਉਹ ਕਿਹੜਾ ਵਸੀਲਾ ਹੈ ਜਿਸ ਨਾਲ ਬਰਫ ਦਾ ਘਰ ਚੰਦ੍ਰਮਾ ਆਪਣਾ ਪ੍ਰਭਾਵ ਪਾਈ ਰੱਖੇ ਭਾਵ ਮਨੁੱਖ ਦੇ ਮਨ ਵਿੱਚ ਕਿਸ ਤਰ੍ਹਾਂ ਹਮੇਸ਼ਾਂ ਠੰਢ-ਸ਼ਾਂਤੀ ਬਣੀ ਰਹਿ ਸਕਦੀ ਹੈ ?

ਸੂਰਜ ਕਿਵੇਂ ਤਪਿਆ ਰਹੇ ਭਾਵ ਮਨ ਵਿੱਚ ਗਿਆਨ ਦਾ ਪ੍ਰਕਾਸ਼ ਕਿਵੇਂ ਹਮੇਸ਼ਾਂ ਬਣਿਆ ਰਹਿ ਸਕਦਾ ਹੈ ?

ਮਨੁੱਖ ਦੇ ਦਿਲ ਤੋਂ ਮੌਤ ਦਾ ਸਹਿਮ ਕਿਵੇਂ ਦੂਰ ਹੋਵੇ ?

**ਜਵਾਬ** :- ਜਿਉਂ ਜਿਉਂ ਮਨੁੱਖ ਗੁਰੂ ਦੇ ਸ਼ਬਦ ਨੂੰ ਆਪਣੇ ਮਨ ਵਿੱਚ ਵਸਾਉਂਦਾ ਹੈ ਉਸ ਦੇ ਅੰਦਰ ਸ਼ਾਂਤੀ ਪੈਦਾ ਹੁੰਦੀ ਹੈ ਤੇ ਸ਼ਾਂਤ ਹਿਰਦੇ ਵਿੱਚ ਗਿਆਨ ਦਾ ਸੂਰਜ ਚੜ੍ਹਿਆਂ ਮਨੁੱਖ ਦੇ ਅੰਦਰੋਂ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ।

ਗੁਰ-ਸ਼ਬਦ ਦੀ ਬਰਕਤ ਨਾਲ ਜਦੋਂ ਮਨੁੱਖ ਪ੍ਰਭੂ ਦੀ ਯਾਦ ਨੂੰ ਆਪਣੇ ਜੀਵਨ ਦਾ ਆਸਰਾ ਬਣਾਉਂਦਾ ਹੈ ਤਾਂ ਪ੍ਰਭੂ ਉਸ ਨੂੰ *'ਦੁਤਰ ਸਾਗਰ'* ਤੋਂ ਪਾਰ ਲੰਘਾ ਦਿੰਦਾ ਹੈ। ਸਤਿਗੁਰੂ ਦੇ ਸ਼ਬਦ ਨਾਲ ਡੂੰਘੀ ਸਾਂਝ ਬਣਾਇਆ ਮਨ ਹਰ ਵੇਲੇ ਪ੍ਰਭੂ ਚਰਨਾਂ ਵਿਚ ਲੀਨ ਰਹਿਣ ਕਾਰਨ ਮਨੁੱਖ ਨੂੰ ਮੌਤ ਦਾ ਸਹਿਮ ਨਹੀਂ ਵਿਆਪਦਾ।

**ਸਵਾਲ** :- ਭੈੜੀ ਮੱਤੇ ਲੱਗ ਕੇ ਮਨੁੱਖ ਲੋਕਾਂ ਵਿਚੋਂ ਇੱਜ਼ਤ-ਇਤਬਾਰ ਗਵਾ ਲੈਂਦਾ ਹੈ, ਦੁਨੀਆਂ ਦੇ ਵਿਕਾਰਾਂ ਵਿੱਚ ਫਸਿਆ ਹੋਣ ਕਰਕੇ ਮੌਤ ਤੋਂ ਵੀ ਹਰ ਵੇਲੇ ਸਹਿਮਿਆ ਰਹਿੰਦਾ ਹੈ, ਇਹੋ ਜਿਹੀਆਂ ਸੱਟਾਂ ਹਾਸ਼ਾਂ ਖਾਂਦਾ ਦੁੱਖੀ ਹੁੰਦਾ ਹੈ, ਫਿਰ ਵੀ ਇਸ ਨੂੰ ਜੀਵਨ ਦੇ ਸਹੀ ਰਸਤੇ ਦੀ ਸਮਝ ਨਹੀਂ ਪੈਂਦੀ। ਇਸ ਨੂੰ ਕਿਵੇਂ ਸਮਝ ਆਵੇ ਤੇ ਭੈੜੀ ਮੱਤ ਤੋਂ ਇਸ ਦਾ ਕਿਵੇਂ ਛੁਟਕਾਰਾ ਹੋਵੇ ?

**ਜਵਾਬ** :- ਗੁਰੂ ਦੀ ਸ਼ਰਨ ਪੈ ਕੇ, ਗੁਰੂ ਦਾ ਸ਼ਬਦ ਵਿਚਾਰਿਆਂ ਭੈੜੀ ਮੱਤ ਦੂਰ ਹੋ ਜਾਂਦੀ ਹੈ। ਅਜੇਹਾ ਮਨੁੱਖ ਵਿਕਾਰਾਂ ਵਿੱਚ ਪੈਣ ਦੀ ਥਾਂ ਪਰਮਾਤਮਾ ਦਾ ਨਾਮ-ਧਨ ਖੱਟ ਕੇ ਆਪ *'ਦੁੱਤਰ ਸਾਗਰ'* **ਤੋਂ ਪਾਰ** ਲੰਘਾਂਦਾ ਹੈ ਤੇ ਹੋਰਨਾਂ ਨੂੰ ਇਸ ਰਸਤੇ **ਦੀ ਸੋਝੀ** ਦਿੰਦਾ ਹੈ, ਉਸ ਨੂੰ ਹਰ ਪਾਸੇ ਪ੍ਰਭੂ ਹੀ ਪ੍ਰਭੂ **ਵਿਆਪਕ** ਨਜ਼ਰ ਆਉਂਦਾ ਹੈ।

**ਸਵਾਲ** :- ਜਿਸ ਸ਼ਬਦ ਦੀ ਬਾਬਤ ਤੁਸੀਂ ਕਹਿੰਦੇ ਹੋ ਕਿ ਉਸ ਦੀ ਰਾਹੀਂ ਸੰਸਾਰ ਸਮੁੰਦਰ ਤਰੀਦਾ ਹੈ, ਉਸ ਸ਼ਬਦ ਦਾ ਨਿਵਾਸ ਕਿੱਥੇ ਹੈ ?

ਇਹ ਸੁਆਸ ਜੋ ਬਾਹਰ ਵੱਲ ਕੱਢਿਆਂ, ਹਵਾ ਦਸ ਉਂਗਲ ਦੇ ਫਾਸਲੇ ਤੱਕ ਬਾਹਰ ਜਾਂਦੀ ਹੈ, ਇਹ ਦਸ-ਉਂਗਲ-ਪ੍ਰਮਾਣ ਸੁਆਸ ਕਿਸ ਦੇ ਆਸਰੇ ਹਨ ?

**ਜਵਾਬ** :- ਪ੍ਰਭੂ ਅਤੇ ਪ੍ਰਭੂ ਦੀ ਸਿਫਤ-ਸਾਲਾਹ ਦਾ ਸ਼ਬਦ ਇੱਕ-ਰੂਪ ਹੀ ਹਨ। ਮੈਂ ਜਿੱਧਰ ਵੇਖਦਾ ਹਾਂ ਸ਼ਬਦ ਹੀ ਸ਼ਬਦ ਹੈ। ਜਿਸ ਮਨੁੱਖ ਤੇ ਪ੍ਰਭੂ ਮੇਹਰ ਦੀ ਨਜ਼ਰ ਕਰਦਾ ਹੈ ਉਸ ਦੇ ਹਿਰਦੇ ਵਿੱਚ ਇਹ ਸ਼ਬਦ ਵੱਸਦਾ ਹੈ। ਜੋ ਮਨੁੱਖ ਇਸ ਸ਼ਬਦ ਨੂੰ ਪਛਾਣ ਲੈਂਦਾ ਹੈ ਉਸ ਉੱਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ; ਉਸ ਦੇ ਅੰਦਰੋਂ ਮੇਰ ਤੇਰ ਮਿਟ ਜਾਂਦੀ ਹੈ।

ਇਹ ਸਿਫਤ-ਸਾਲਾਹ ਦਾ ਸ਼ਬਦ ਹੀ, ਪ੍ਰਭੂ ਦਾ ਨਾਮ ਹੀ, ਗੁਰਮੁਖ ਦੇ ਸੁਆਸਾਂ ਦਾ ਆਸਰਾ ਹੈ, ਗੁਰਮੁਖ ਸੁਆਸ ਸੁਆਸ ਪ੍ਰਭੂ ਨੂੰ ਚੇਤੇ ਰੱਖਦਾ ਹੈ। ਗੁਰਮੁਖ ਮਨੁੱਖ ਨੂੰ ਪ੍ਰਭੂ ਆਪਣੇ ਸਰੂਪ ਦੀ ਸੋਝੀ ਬਖਸ਼ਦਾ ਹੈ। ਗੁਰਮੁਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਪ੍ਰਭੂ ਦਾ ਮਿਲਾਪ ਇੜਾ, ਪਿੰਗਲਾ, ਸੁਖਮਨਾ ਦੇ ਅਭਿਆਸ ਤੋਂ ਉਤਾਂਹ ਹੈ, ਪ੍ਰਭੂ ਵਿੱਚ ਤਾਂ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਲੀਨ ਹੋ ਸਕੀਦਾ ਹੈ।

**ਸਵਾਲ** :- ਇਹ ਮਨ ਜੋ ਆਮ ਤੌਰ ਤੇ ਮਾਇਆ ਵਿੱਚ ਮਸਤਿਆ ਰਹਿੰਦਾ ਹੈ, ਕਿੱਥੇ ਟਿਕਦਾ ਹੈ ? ਇਹ ਪ੍ਰਾਣ ਕਿੱਥੇ ਟਿਕਦੇ ਹਨ ?

ਜਿਸ ਸ਼ਬਦ ਦੀ ਰਾਹੀਂ ਮਨ ਦੀ ਭਟਕਣਾ ਮੁਕਦੀ ਹੈ ਉਹ ਸ਼ਬਦ ਕਿੱਥੇ ਵੱਸਦਾ ਹੈ ?

**ਜਵਾਬ** :- ਜਦੋਂ ਪ੍ਰਭੂ ਮੇਹਰ ਦੀ ਨਜ਼ਰ ਕਰਦਾ ਹੈ ਮਨੁੱਖ ਗੁਰੂ ਦੇ ਹੁਕਮ ਅੰਦਰ ਚਲਦਾ ਹੈ ਤੇ ਇਹ ਮਨ ਅਡੋਲ ਹੋ ਕੇ ਅੰਦਰ ਹੀ ਹਿਰਦੇ ਵਿੱਚ ਟਿਕ ਜਾਂਦਾ ਹੈ। ਪ੍ਰਾਣਾਂ ਦੀ ਥੰਮੀਂ ਨਾਭੀ ਹੈ। ਦੁੱਤਰ ਸਾਗਰ ਤੋਂ ਤਾਰਨ ਵਾਲਾ ਸ਼ਬਦ ਸੁੰਨ ਪ੍ਰਭੂ ਵਿੱਚ ਟਿਕਦਾ ਹੈ ਭਾਵ ਸ਼ਬਦ ਅਤੇ ਪ੍ਰਭੂ ਇੱਕ ਹੀ ਹਨ, ਕੋਈ ਭਿੰਨ ਭੇਦ ਨਹੀਂ। ਸ਼ਬਦ ਦੀ ਰਾਹੀਂ ਇਹ ਸਮਝ ਪੈਂਦੀ ਹੈ ਕਿ ਰੱਬੀ ਜੀਵਨ ਦੀ ਰੌਂ ਹਰ ਥਾਂ ਇੱਕ-ਰਸ ਵਿਆਪਕ ਹੈ।

**ਸਵਾਲ** :- ਜਦੋਂ ਨਾ ਇਹ ਹਿਰਦਾ ਸੀ, ਨਾ ਹੀ

(ਬਾਕੀ ਪੰਨਾ ੨੦ ਤੇ.........)



www.AKJ.Org

# ਸਭ ਤੇ ਵਡਾ ਸਤਿਗੁਰੁ ਨਾਨਕੁ

(ਗੁਰਦੇਵ ਸਿੰਘ 'ਲਹਿਰ')

ਕਿਸੇ ਵਸਤੂ ਦਾ ਵੱਡਾ ਛੋਟਾ ਹੋਣਾ ਉਸ ਦੇ ਅਕਾਰ ਤੋਂ ਹੀ ਅਨੁਮਾਨਿਆ ਜਾ ਸਕਦਾ ਹੈ ਪਰ ਕਿਸੇ ਵਿਅਕਤੀ ਨੂੰ ਰੂਪ ਰੰਗ, ਜਾਤ ਪਾਤ, ਨਸਲ ਜਾਂ ਦੇਸ ਭੇਸ ਕਰਕੇ ਬਣਾਇਆ ਜਾਂ ਵਡਿਆਇਆ ਨਹੀਂ ਜਾ ਸਕਦਾ। ਕਿਸੇ ਗੁਰੂ ਵਿਸ਼ੇਸ਼ ਨੂੰ ਰਹਿਬਰ ਹੋਣ ਦੀ ਹੈਸੀਅਤ ਵਿੱਚ ਦਰਜਾਬੰਦੀ ਜਾਂ ਮੂਲਾਂਕਣ ਕਰਨਾ ਬੜਾ ਔਖਾ ਹੈ। ਗੁਰੂ ਪਦਵੀ ਤੇ ਪੁੱਜਣਾ ਉਸ ਦੀ ਨਾਯਾਬ ਕਮਾਈ ਤੇ ਨਿਰਭਰ ਕਰਦਾ ਹੈ। ਉਸ ਦੀ ਕੀਰਤੀ ਦਾ ਖੇਤਰ ਉਨੀ ਦੇਰ ਤਕ ਵਧਦਾ ਜਾਵੇਗਾ ਜਿੰਨੀ ਦੇਰ ਤਕ ਉਹਦਾ ਆਲਾ ਦੁਆਲਾ ਪ੍ਰਭਾਵਤ ਹੁੰਦਾ ਰਹੇਗਾ। ਪਰਮਾਰਥਕ ਪੰਧ ਉਤੇ ਹਜਰਤ ਮੁਹੰਮਦ ਸਾਹਿਬ, ਈਸਾ ਮਸੀਹ, ਮਹਾਤਮਾ ਬੁੱਧ, ਮਹਾਂਵੀਰ ਜੈਨ, ਕਨਫਿਊਸ਼ਿਸ਼, ਰਾਮ ਤੇ ਕ੍ਰਿਸ਼ਨ, ਪੀਰ ਤੇ ਪੈਗੰਬਰ, ਗੁਰੂ ਅਵਤਾਰ ਤੇ ਔਲੀਏ ਕਾਫੀ ਗਿਣਤੀ ਵਿੱਚ ਹੋ ਚੁੱਕੇ ਹਨ। ਸਮੇਂ ਸਮੇਂ ਹਰੇਕ ਨੇ ਦੁਨੀਆਂ ਨੂੰ ਬਹੁਤ ਸੇਧਾਂ ਦੱਸੀਆਂ ਹਨ ਅਤੇ ਅਮਿੱਟ ਪੈੜਾਂ ਵੀ ਪਾਈਆਂ ਹਨ। ਉਨ੍ਹਾਂ ਵਲੋਂ ਉਲੀਕੇ ਤੇ ਅਲਾਪੇ ਹੋਏ ਪ੍ਰਵਚਨ ਵੀ ਉਪਲਬਧ ਹਨ। ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿੱਚ ਇਹ ਸ਼ਬਦ 'ਸਭ ਤੇ ਵਡਾ ਸਤਿਗੁਰੁ ਨਾਨਕੁ' ਬੜੀ ਅਰਥ ਭਰਪੂਰ ਗੱਲ ਹੈ। ਏਡੇ ਵੱਡੇ ਗਿਆਨੇ ਸੂਰ ਦੀ ਕਹੀ ਹੋਈ ਗੱਲ ਉੱਤੇ ਕਿੰਤੂ ਪ੍ਰੰਤੂ ਕਰਨਾ ਕੋਈ ਸੌਖੀ ਗੱਲ ਨਹੀਂ। ਸ਼ਬਦ ਗੁਰੂ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨਵਾਦ ਦਾ ਮਹਾਨ ਗਿਆਨ ਸਾਗਰ ਹੈ। ਭਾਵੇਂ ਕਿਸੇ ਵੀ ਔਲੀਏ ਜਾਂ ਪੈਗੰਬਰ ਦੀ ਦਰਸਾਈ ਗਈ ਨੀਤੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਸਤਿਗੁਰੂ ਨਾਨਕ ਦਾ ਸਭ ਤੋਂ ਵੱਡਾ ਗੁਰੂ ਹੋਣ ਬਾਰੇ ਕੁੱਝ ਇਸ਼ਾਰੇ ਸਾਂਝੇ ਕੀਤੇ ਜਾ ਸਕਦੇ ਹਨ।

ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਆਪ ਪ੍ਰਭੂ ਦੇ ਨਿਵਾਜੇ ਹੋਏ ਗੁਰੂ ਵਿਅਕਤੀ ਸਨ। ਉਹਨਾਂ ਧੁਰ ਕੀ ਬਾਣੀ ਜਿਹੜੀ ਵੀ ਉਨ੍ਹਾਂ ਦੇ ਜਿਹਨ ਵਿੱਚ ਆਈ ਉਸ ਨੂੰ ਕਲਮਬੰਦ ਕੀਤਾ। ਗੁਰਮੁਖੀ ਲਿਪੀ ਦਾ ਪ੍ਰਯੋਗ ਕੀਤਾ। ਭਾਈ ਮਰਦਾਨੇ ਦੀ ਮਿੱਠੀ ਧੁਨਾਂ ਵਾਲੀ ਰਬਾਬ ਰਾਹੀਂ ਬੜੇ ਹੀ ਚਾਉ ਨਾਲ ਤਰੱਨਮ ਵਿੱਚ ਗਾਇਨ ਵੀ ਕੀਤਾ। ਸਾਰੀ ਹੀ ਰਚਨਾ, ਧੁਰ ਕੀ ਬਾਣੀ ਨੂੰ ਉਸ ਵੇਲੇ ਦੀਆਂ ਪਰਚੱਲਤ ਲੋਕ ਬੋਲੀਆਂ ਵਿੱਚ ਰਚਿਆ ਤੇ ਕਲਮਬੰਦ ਕੀਤਾ ਜਿਸ ਖੁਣੋਂ ਬਾਕੀ ਦੇ ਪੀਰ, ਪੈਗੰਬਰ ਤੇ ਅਵਤਾਰ ਆਪਣੀ ਮੁਖਾਰਬਿੰਦ ਤੋਂ ਉਚਰੀ ਬਾਣੀ ਨੂੰ ਕਲਮਬੰਦ ਨਾ ਕਰ ਪਾਏ। ਹਾਂ ਉਹਨਾਂ ਦੇ ਸ਼ਰਧਾਲੂਆਂ ਨੇ ਉਹਨਾਂ ਦੀ ਸਿਖਿਆ ਦੀਖਿਆ ਨੂੰ ਪਰਚਾਰਿਆ ਵੀ ਤੇ ਕਲਮਬੰਦ ਵੀ ਕੀਤਾ।

ਵੱਡੀ ਵਡਿਆਈ ਦਾ ਦੂਜਾ ਬਿੰਦੂ ਹੈ ਕਿ ਉਹਨਾਂ ਨੇ ਆਪਣੀ ਆਯੂ ਦੇ ਬਹੁਮੁੱਲੇ 28 ਵਰ੍ਹੇ ਚਾਰ ਉਦਾਸੀਆਂ ਕੀਤੀਆਂ। ਬਹੁਤੇ ਸਾਧਨ ਨਾ ਹੋਣ ਕਾਰਨ ਬਿਖੜੇ ਜੰਗਲ ਬੀਆਬਾਨਾਂ ਦੇ ਕੰਡਿਆਲੇ, ਪਥਰੀਲੇ ਤੇ ਰੇਤਲੇ ਟਿਬਿਆਂ ਵਿੱਚੀਂ ਪੰਧ ਮੁਕਾ ਕੇ ਤਪੀ ਤਪੀਸਰਾਂ ਨੂੰ ਗ੍ਰਹਿਸਤ ਮਾਰਗ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਸਾਰੀ ਲੋਕਾਈ ਨੂੰ ਅਹਿਸਾਸ ਕਰਵਾਇਆ ਕਿ ਜਗਤ ਪਿਤਾ ਸਰਵ ਵਿਆਪੀ ਹੈ ਘੱਟ ਘੱਟ ਵਿੱਚ ਵਸਦਾ ਹੈ। ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।। ਜਗਤ ਵਿੱਚ ਸਾਰੇ ਦਿਸਦੇ ਪਦਾਰਥ ਨਾਸ਼ਵਾਨ ਹਨ। ਅਕਾਲਪੁਰਖ ਅਜਨਮਾ ਹੈ। ਸਾਰੀ ਕਾਇਨਾਤ ਦਾ ਪਿਤਾ ਹੈ।

ਸਤਿ ਕਰਤਾਰ ਦਾ ਪ੍ਰਚਾਰ ਨਿੱਜ ਬੰਧਾਨ ਨੂੰ ਵਿਦ ਕੇ ਦੂਰ ਦੂਰ ਤੱਕ ਕੀਤਾ। ਹੱਕ ਸੱਚ ਦੇ ਨਾਅਰੇ ਨੂੰ ਬੁਲੰਦ ਕੀਤਾ। ਗੁਰੂ ਨਾਨਕ ਜੀ ਦੀ ਮਿਕਨਾਤੀ ਸੀ ਖਿੱਚ ਨਾਲ ਬਹੁਤੇ ਕੈਦੀ ਖਿੱਚੇ ਗਏ ਤੇ ਉਹਨਾਂ ਦੇ ਚਰਨਾਂ ਦੇ ਭੌਰੇ ਬਣ ਗਏ। ਚੰਗੇ ਮਾੜੇ ਦਿਨਾਂ ਦਾ ਚੱਲ ਰਿਹਾ ਵਿਚਾਰ ਉਨ੍ਹਾਂ ਨੇ ਰੱਦ ਕਰ ਦਿੱਤਾ ਤੇ ਉਸ ਦਿਨ ਦੀ ਜਿਆਦਾ ਅਹਿਮੀਅਤ ਦਰਸਾਈ ਜਿਸ ਦਿਨ ਪਿਤਾ ਪਰਮੇਸ਼ਰ ਨਾਲ ਜੁੜਿਆ ਜਾਏ।

ਸ਼ਬਦ ਤੇ ਸੁਰਤ ਦੇ ਮਿਲਾਪ ਨੂੰ ਸੁਖਾਂ ਦੀ ਖਾਨ ਦੱਸਿਆ। ਸਰਬਤ ਦੇ ਭਲੇ ਦਾ ਚਿੰਤਨ ਤਦ ਹੀ ਹੋ ਸਕਦਾ ਹੈ ਜੇ ਅਕਾਲ ਪੁਰਖ ਨੂੰ ਹਾਜ਼ਰ ਨਾਜ਼ਰ ਮੰਨਣ ਦਾ ਅਹਿਸਾਸ ਜਾਗ ਪਵੇ।

ਆਪਣੀ ਦਿਬ ਦ੍ਰਿਸ਼ਟੀ 'ਕੇਤੇ ਖੰਡ ਕੇਤੇ ਬ੍ਰਹਮੰਡ', 'ਸਸ ਘਰ ਸੂਰ ਸਮਾਵੈ', ਕੇਤੇ ਬ੍ਰਹਮਾ ਘਾੜਤ ਘੜੀਏ ਆਦਿ ਦਾ ਵੇਰਵਾ ਦੇ ਕੇ ਲੋਕਾਂ ਦੇ ਮਨਾਂ ਉੱਤੇ ਆਪਣੀ ਵਡਿਆਈ ਦਾ ਛਾਪਾ ਲਾ ਦਿੱਤਾ। ਉਹ ਪਦਾਰਥ ਪ੍ਰਯੋਗ ਕਰਨ ਤੋਂ ਹੋੜਿਆ ਜਿਨਾਂ ਨਾਲ ਤਨ ਤੇ ਮਨ ਵਿੱਚ ਵਿਕਾਰ ਪੈਦਾ ਹੋਣ। ਨਿਕੇ ਮੋਟੇ



www.AKJ.Org

ਦੀਵੇ ਬਾਲ ਕੇ ਆਰਤੀ ਕਰਨ ਨਾਲੋਂ 'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ' ਵਾਲਾ ਸ਼ਬਦ ਗਾਇਨ ਕਰਕੇ ਸਭ ਨੂੰ ਅਸਚਰਜ ਕਰ ਦਿੱਤਾ।

ਸੱਜਨ ਵਰਗੇ ਠੱਗਾਂ, ਕੌਡੇ ਵਰਗਿਆਂ ਰਾਖਸ਼ਾਂ, ਬੰਗਾਲ ਤੇ ਆਸਾਮ ਦੀਆਂ ਟੂਣੇਹਾਰੀਆਂ ਜਾਦੂਗਰਨੀਆਂ ਨੂੰ ਗ੍ਰਹਸਤ ਦੀ ਮਹੱਤਤਾ ਸਮਝਾ ਕੇ ਸਤ ਆਚਾਰੀ ਬਣਾਇਆ।

ਮਲਕ ਭਾਗੋ ਵਰਗੇ ਲੋਕਾਂ ਦੀ ਕਮਾਈ ਹੜੱਪਣ ਵਾਲੇ ਬੰਦਿਆਂ ਨੂੰ ਸੋਝੀ ਬਖਸ਼ੀ ਕਿ 'ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ' ਦੱਸ ਕੇ ਸ੍ਰਿਸ਼ਟਚਾਰ ਦਾ ਰਾਹ ਦਰਸਾਇਆ। ਅਨੇਕਾਂ ਪਾਖੰਡ ਕਰਨ ਵਾਲੇ ਲੋਕਾਂ ਨੂੰ ਆਪਸੀ ਭਰੱਪਣ ਦਾ ਸਬਕ ਸਿਖਾਇਆ।

ਬਾਬਾ ਨਾਨਕ ਦੀ ਵਡਿਆਈ ਦਾ ਅਗਲਾ ਬਿੰਦੂ 'ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ।। ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।। ਨਿਮ੍ਰਤਾ ਨੂੰ ਬੜਾ ਉੱਚਾ ਰੁਤਬਾ ਦਿੱਤਾ, ਉਸਦਾ ਇਹ ਮੰਨਿਆਂ ਹੋਇਆ ਜੀਵਨ ਲਕਸ਼ ਸੀ 'ਨਿਵੈ ਸੁ ਗਉਰਾ ਹੋਇ' ਇਸ ਸਿਧਾਂਤ ਮੰਨਣ ਵਾਲਿਆਂ ਨੂੰ ਹੀ ਸ਼ਰਧਾਲੂ ਹੋਣ ਦੀ ਥਾਂ ਮਿਲਦੀ ਸੀ।

ਇਸ ਮਾਰਗ ਨੂੰ ਕਬੂਲ ਕਰਨ ਦੀ ਸਭ ਤੋਂ ਬੜੀ ਔਕੜ ਮਾਇਆ ਜਾਲ ਤੋਂ ਬੱਚਣ ਦੀ ਹੈ। ਮਾਇਆ ਦਾ ਸੁਆਦ ਭਾਵੇਂ ਵਕਤੀ ਤੌਰ ਤੇ ਹੀ ਹੋਵੇ ਪਰ ਸੁਖਾਵਾਂ ਭਾਸਦਾ ਹੈ। ਇਸ ਝੂਠੇ ਸੁਆਦ ਵਿੱਚ ਗ੍ਰਸਿਆ ਬੰਦਾ ਉਸ ਕਾਦਰ ਕਰੀਮ ਵੱਲ ਸੁਤਾਅ ਹੀ ਨਹੀਂ ਕਰਦਾ। ਹੌਲੀ ਹੌਲੀ ਅਜਿਹੇ ਚਸਕਿਆਂ ਦੇ ਚੱਕਰ ਵਿੱਚ ਫਸਦਾ ਹੈ ਕਿ ਅਕਾਲ ਪੁਰਖ ਵੱਲ ਧਿਆਨ ਕਰਨਾ ਉੱਕਾ ਹੀ ਵਿਸਰ ਜਾਂਦਾ ਹੈ। ਬਸ ਕਾਲੇ ਕਾਰਨਾਮਿਆਂ ਵਿਚ ਮੁਬਤਲਾ ਹੋ ਕੇ ਜਨਮ ਅਕਾਰਥਾ ਹੀ ਬੇਅਰਥ ਹੋ ਜਾਂਦਾ ਹੈ। ਨਹੀਂ ਤਾਂ 'ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ' ਵਰਗਾ ਸਿਧਾਂਤ ਦ੍ਰਿੜਤਾ ਪੈਦਾ ਕਰਦਾ ਹੈ।

ਵੰਡ ਛਕਣ ਦਾ ਸਿਧਾਂਤ ਬਾਬੇ ਨਾਨਕ ਦੇ ਲਾਸਾਨੀ ਕਿਰਦਾਰ ਦੀ ਦੇਣ ਹੈ। ਗਰਜ਼ਮੰਦ ਦੀ ਗਰਜ਼ ਪੂਰੀ ਹੋ ਜਾਵੇ ਤਾਂ ਉਹਦੇ ਦਿਲ ਵਿੱਚ ਖੁਸ਼ੀ ਦਾ ਪ੍ਰਗਟਾ ਅਸੀਸ ਦਾ ਰੂਪ ਧਾਰਨ ਕਰ ਜਾਂਦਾ ਹੈ। ਅਹਿਸਾਨ ਮੰਦੀ ਨਾਲ ਤਿਣਕਾ ਡੁੱਬਦੇ ਨੂੰ ਬਚਾ ਲੈਂਦਾ ਹੈ। ਭੁੱਖੇ ਬੰਦੇ ਨੂੰ ਆਹਾਰ ਮਿਲ ਜਾਵੇ ਤਾਂ ਉਹ ਤ੍ਰਿਪਤ ਹੋ ਜਾਂਦਾ ਹੈ। ਪਿਆਸੇ ਨੂੰ ਪਾਣੀ ਮਿਲ ਜਾਵੇ ਤਾਂ ਉਹ ਅਹਿਸਾਨਮੰਦ ਹੋ ਜਾਂਦਾ ਹੈ। ਸਰਬੱਤ ਦੇ ਭਲੇ ਦੀਆਂ ਇਹ ਨਿਸ਼ਾਨੀਆਂ ਨਾਲ ਜਾ ਮਿਲਦਾ ਹੈ। ਨੂਰੀ ਬਾਬੇ ਨੇ ਇਸ ਪ੍ਰਥਾਇ ਵਧੀਆ ਜ਼ਿਕਰ ਕੀਤਾ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ

ਕਿਰਤ ਕਰਨ ਵਾਲੇ ਕੋਲ ਪੂੰਜੀ ਦਾ ਥੋੜ੍ਹਾ ਬਹੁਤ ਅਸਾਸਾ ਜੁੜਿਆ ਰਹਿੰਦਾ ਹੈ। ਜਿਹੜਾ ਖੁਦ ਨੰਗਾ ਭੁੱਖਾ ਹੈ, ਉਹ ਕਿਸੇ ਜ਼ਰੂਰਤ ਮੰਦ ਦੀ ਜ਼ਰੂਰਤ ਕਿਵੇਂ ਪੂਰੀ ਕਰ ਸਕਦਾ ਹੈ। ਇਸੇ ਕਰਕੇ ਬਾਬੇ ਨੇ ਕਿਰਤ ਕਰਨ ਨੂੰ ਤਰਜੀਹ ਦਿੱਤੀ ਹੈ।

ਗੁਰੂ ਨਾਨਕ ਦੀ ਵਡਿਆਈ ਆਪ ਮੁਹਾਰੇ ਚਮਕਦੀ ਦਿਸਦੀ ਹੈ ਜਦੋਂ ਉਹ ਔਝੜੀ ਪਈ ਮਨੁੱਖਤਾ ਨੂੰ ਅਨੇਕਾਂ ਪ੍ਰਭੂਆਂ ਨਾਲੋਂ ਤੋੜ ਕੇ ਇਕੋ ਸ੍ਰਿਸ਼ਟੀ ਕਰਤਾ ਨਾਲ ਜੁੜਨ ਲਈ ਜ਼ੋਰ ਦਿੰਦੇ ਹਨ। ਅੰਮ੍ਰਿਤ ਵੇਲੇ ਦੀ ਬੜੀ ਮਹਿਮਾ ਕੀਤੀ। ਲਿਵ ਜਾਂ ਧਿਆਨ ਪ੍ਰਭੂ ਚਰਨਾਂ ਹਿੱਤ ਲਾਉਣ ਦਾ ਇਹ ਅਮੁਲਵਾਂ ਅੰਮ੍ਰਿਤ ਵੇਲਾ ਹੈ। ਉਹਦੀ ਸਿਫ਼ਤ ਸਾਲਾਹ ਕਰਨ ਦੀ ਜਾਂਚ ਦੱਸੀ। ਧੁਰ ਕੀ ਬਾਣੀ ਵਿਚੋਂ ਕੁੱਝ ਬਾਣੀਆ ਨਿੱਤ ਪੜ੍ਹਨ ਦਾ ਗੁਰ ਦੱਸਿਆ। ਲਗਨ ਤੇ ਚਾਓ ਨਾਲ ਸਿਮਰਨ ਤੇ ਬੰਦਗੀ ਕਰਨੇ ਦਾ ਉਪਦੇਸ਼ ਦਿੱਤਾ। ਕੇਸਾਂ ਨੂੰ ਕਟਾਉਣ ਤੋਂ ਵਰਜਿਆ।

ਅਗਲੀ ਸੇਧ ਅਕਾਲ ਪੁਰਖ ਦੇ ਹੁਕਮ ਨੂੰ ਤਸਲੀਮ ਕਰਨਾ ਹੈ। "ਮਨਿ ਜੀਤੈ ਜਗੁ ਜੀਤੁ" ਅੱਜ ਤੱਕ ਕਿਸੇ ਨੇ ਵੀ ਇਹ ਰੁਖ ਅਪਣਾਇਆ ਹੈ ਤਾਂ ਉਹਦੇ ਲਈ ਮਾਨਸਿਕ ਅਵਸਥਾ ਨੇ ਪਹਿਲਾ ਸਥਾਨ ਲਿਆ।

ਪੰਜ ਖੰਡਾਂ ਦਾ ਜ਼ਿਕਰ ਗੁਰੂ ਨਾਨਕ ਦੀ ਅਗੰਮੀ ਸੋਝੀ ਦੀ ਉਚਾਈ ਦਾ ਲਖਾਇਕ ਹੈ। ਆਪ ਅਕਾਲ ਰੂਪ ਹੋਣ ਕਰਕੇ ਜਗਤ ਦੇ ਕਹਿੰਦੇ ਕਹਾਂਦੇ ਵਿਦਵਾਨਾਂ ਦੀ ਸੰਗਤ ਵਿੱਚ ਵਿਚਰ ਕੇ ਉਹਨਾਂ ਨੂੰ ਲਾਜੁਆਬ ਕਰਨਾ ਉਹਨਾਂ ਦੀ ਉੱਚਤਾ ਨੂੰ ਚਾਰ ਚੰਨ ਲਾਉਂਦਾ ਹੈ। ਗੱਡੇ ਲੱਦ ਗ੍ਰੰਥਾਂ ਦੇ ਗਿਆਤਿਆਂ ਨੂੰ ਆਪਣੇ ਵਿਚਾਰ ਬਿੰਦੂ ਨਾਲ ਮੇਲਣਾ ਕੋਈ ਸੌਖੀ ਗੱਲ ਨਹੀਂ। ਵੱਡੇ ਵੱਡੇ ਮਹਾਨ ਬੁੱਧੀਮਾਨ ਗੁਰੂ ਨਾਨਕ ਜੋਤ ਨੂੰ ਸੂਰਜ ਮੰਨਦੇ ਤੇ ਆਪਣੇ ਆਪ ਨੂੰ ਮੋਮਬੱਤੀ ਦੇ ਤੁਲ ਸਮਝਦੇ। ਉਹਨਾਂ ਦੀ ਹਉਮੈ ਪਤਲੀ ਪੈ ਗਈ। ਭਾਈ ਲਾਲੋ ਵਰਗੇ ਕਿਰਤੀਆਂ ਨਾਲ ਉਹਨਾਂ ਦੀ ਸੰਗਤ ਅਕਸਰ ਰਹਿੰਦੀ ਸੀ। ਕੋਧਰੇ ਦੀ ਰੁੱਖੀ ਰੋਟੀ ਨੂੰ ਉਹ ਪਸੰਦ ਕਰਦੇ ਸਨ। ਬ੍ਰਹਮ ਭੋਜਾਂ ਵਿਚਲੇ



www.AKJ.Org

ਪਦਾਰਥਾਂ ਨੂੰ ਨਜ਼ਰ ਅੰਦਾਜ ਕਰਦੇ ਰਹਿੰਦੇ। ਮਲਕ ਭਾਗੋ ਨੂੰ ਸਾਖਸ਼ਾਤ ਤੌਰ ਤੇ ਲੋਕਾਂ ਦੇ ਇਕੱਠ ਵਿੱਚ ਨਿੰਮੋਝੂਣਾ ਹੋਣਾ ਪਿਆ।

ਗੁਰੂ ਨਾਨਕ ਸਾਹਿਬ ਦੀ ਖੂਬੀ ਇਹ ਵੀ ਸੀ ਕਿ ਏਨੇ ਉੱਚੇ ਮਰਾਤਬੇ ਤੇ ਹੁੰਦਿਆਂ ਵੀ ਆਪਣੇ ਆਪ ਨੂੰ ਮੂਰਖ, ਗਵਾਰ ਕਿਹਾ ਹੀ ਨਹੀਂ ਸਗੋਂ ਲੋਕਾਂ ਵਲੋਂ ਕਹੇ ਹੋਏ ਨੀਵੇਂ ਸ਼ਬਦ ਵੀ ਗੁਰਬਾਣੀ ਵਿੱਚ ਦਰਜ ਕੀਤੇ 'ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ।।'

ਸਮਾਜਕ ਬਣਤਰ ਦੇ ਚਿੱਤਰ ਵੱਲ ਵੀ ਉਹਨਾਂ ਨੇ ਬਖੂਬੀ ਧਿਆਨ ਦਿਵਾਇਆ :-

ਅਸੰਖ ਮੂਰਖ ਅੰਧ ਘੋਰ।।
ਅਸੰਖ ਚੋਰ ਹਰਾਮਖੋਰ।।
ਅਸੰਖ ਅਮਰ ਕਰ ਜਾਹਿ ਜੋਰ।।
ਅਸੰਖ ਗਲਵਢ ਹਤਿਆ ਕਮਾਹਿ।।
ਅਸੰਖ ਪਾਪੀ ਪਾਪੁ ਕਰਿ ਜਾਹਿ।।
ਅਸੰਖ ਕੂੜਿਆਰ ਕੂੜੇ ਫਿਰਾਹਿ।।
ਅਸੰਖ ਮਲੇਛ ਮਲੁ ਭਖਿ ਖਾਹਿ।।
ਅਸੰਖ ਨਿੰਦਕ ਸਿਰਿ ਕਰਹਿ ਭਾਰੁ।।
ਨਾਨਕੁ ਨੀਚੁ ਕਹੈ ਵੀਚਾਰੁ।।
ਵਾਰਿਆ ਨ ਜਾਵਾ ਏਕ ਵਾਰ।।
ਜੋ ਤੁਧੁ ਭਾਵੈ ਸਾਈ ਭਲੀ ਕਾਰ।।
ਤੂ ਸਦਾ ਸਲਾਮਤਿ ਨਿਰੰਕਾਰ।। (ਪੰਨਾ ੪)

ਗੁਰਗੱਦੀ ਵਿਰਾਸਤ ਵਿਚ ਆਪਣੇ ਦੋ ਸਪੁੱਤਰਾਂ ਨੂੰ ਨਹੀਂ ਦਿੱਤੀ ਸਗੋਂ ਆਪਣੇ ਪ੍ਰੇਮੀ ਸੇਵਕ ਭਾਈ ਲਹਿਣੇ ਨੂੰ ਪੂਰੀ ਨਿਰਖ ਪਰਖ ਕਰਕ ਸਮਰਪਤ ਕੀਤੀ। ਪੰਜ ਪੈਸੇ ਨੇ ਨਾਰੀਅਲ ਰੱਖ ਉਹਨਾਂ ਨੂੰ ਗੱਦੀ ਤੇ ਬਿਠਾਇਆ ਤੇ ਮੱਥਾ ਟੇਕਿਆ। ਇਤਿਹਾਸ ਵਿੱਚ ਅਜਿਹੀ ਪਰੰਪਰਾ ਪਹਿਲਾਂ ਹੈ ਹੀ ਨਹੀਂ ਸੀ ਕਿ ਕਿਸੇ ਗੁਰੂ ਨੇ ਆਪਣੇ ਅਜ਼ੀਜ਼ ਸ਼ਿੱਸ਼ ਦੇ ਚਰਨਾਂ ਵਿੱਚ ਸੀਸ ਨਿਵਾਇਆ ਹੋਵੇ।

ਇਸਤਰੀ ਲਈ ਉਹਨਾਂ ਦੇ ਮਨ ਵਿੱਚ ਬੜੀ ਅਹਿਮੀਅਤ ਸੀ। ਉਹਨਾਂ ਦਾ ਹੀ ਕਥਨ ਹੈ।

'ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ।।' (ਪੰਨਾ ੪੭੩)

ਅੱਜ ਸਾਨੂੰ ਗੁਰੂ ਬਾਬੇ ਦੀ ਅਜਮਤ ਨੂੰ ਜ਼ਿਹਨ ਨਸ਼ੀਨ ਕਰਨ ਦੀ ਜ਼ਰੂਰਤ ਹੈ। ■■■■■

# ਨਾਮ ਰੰਗ ਰੱਤੇ

(ਗਿ: ਗੋਪਾਲ ਸਿੰਘ ਮਿੱਤਰ)

ਨਾਮ ਰੰਗ ਦੇ ਅੰਦਰ ਰੱਤੇ, ਮੂੰਹੋਂ ਕੁੱਝ ਨ ਦੱਸਨ।
ਨਾ ਪਰਵਾਹ ਕਿਸੇ ਦੀ ਕਰਦੇ, ਰੰਗ ਰੋਵਨ ਰੰਗ ਹੱਸਨ।
ਮਸਤਕ ਨੂਰ ਮੂੰਹ ਤੇ ਲਾਲੀ, ਨੈਣ ਉਨ੍ਹਾਂ ਦੇ ਖੀਵੇ,
ਇੱਕ ਨਿਗਾਹ ਕਰਨ ਜਿਸ ਪਾਸੇ, ਮੀਂਹ ਮਿਹਰ ਤੇ ਵੱਸਨ।
ਸਿਦਕ, ਯਕੀਨ ਉਨ੍ਹਾਂ ਦਾ ਕਾਮਲ, ਮਨ ਪਰਤੀਤ ਸਵਾਈ।
ਬਾਝ ਸਾਂਈਂ ਦੇ ਹੋਰ ਨ ਵੇਖਨ, ਨਜ਼ਰ ਅਜੇਹੀ ਪਾਈ।
ਸਿੱਕਾਂ ਸਿੱਕ ਸਾਂਈਂ ਦੀ ਵਾਲਾ, (ਉਨ੍ਹਾਂ) ਸਿਕਦੇ ਸਿਕਦੇ ਲੱਭਾ,
ਰਾਜ਼ੀ ਰਹਿਨ ਰਜ਼ਾ ਦੇ ਅੰਦਰ, ਮੰਗ ਨ ਮੰਗਦੇ ਕਾਈ।
ਲਾਲਚ, ਹਿਰਸ, ਤਮੰਨਨਾਵਾਂ ਦੀ, ਪੰਡੜੀ ਸਿਰ ਤੋਂ ਲਾਹੀ
ਖ਼ੁਦੀ, ਬਖ਼ੀਲੀ, ਨਿੰਦਿਆਂ, ਚੁਗਲੀ ਦੀ, ਢੇਰੀ ਵੀ ਢਾਹੀ।
ਦੈਵੀ ਸੰਪਦ ਗੁਣ ਸਾਰੇ ਹੀ 'ਮਿੱਤਰ' ਉਨ੍ਹਾਂ ਵਿਹਾਝੇ,
ਤਾਜ ਤਖ਼ਤ ਵੱਲ ਤੱਕਨ ਨਾ, ਉਹ ਰੰਗੇ ਸਿਫ਼ਤ ਸਲਾਹੀ।
ਰੰਗ ਰਤਿਆਂ ਦੀ ਸੰਗਤ 'ਮਿੱਤਰ' ਮਨ ਨੂੰ ਚਾੜ੍ਹੇ ਆਤਮਰੰਗ।
ਨਾਮ ਸਬੂਣ ਬਣੇ ਮਲ ਕੱਟੇ ਪੱਕਾ ਹੁੰਦਾ ਜਾਇ ਨਿਸੰਗ।
ਮਿਲਦੀ ਰਹੇ ਉਸ ਨੂੰ ਜੇਕਰ ਦੋ ਵੇਲੇ ਸਤ-ਸੰਗਤ ਪਾਹ,
ਨਾ ਉਹ ਖੁਰੇ, ਨ ਉਤਰੇ ਕਦੇ ਵੀ, ਕਦੀ ਨਾ ਹੋਵੇ ਉਹ ਬਦਰੰਗ।
ਤ੍ਰਿਸ਼ਨਾ ਤ੍ਰਿਖਾ ਆਣ ਕੇ, ਜਦ ਸੰਤੋਖੀ ਮਨ ਤੇ ਗੁਲਬਾ ਪਾਵੇ।
ਉੱਚੀ ਚੜ੍ਹੀ ਸੁਰਤ ਨੂੰ ਢਾਹੇ, ਖਿੱਚੇ ਡੂੰਘੇ-ਤਲ ਲੈ ਜਾਵੇ।
ਵਸ ਰਹੀਆਂ ਨੇ ਜਿੱਥੇ ਲੋਭੀ ਲੰਪਟ ਜੱਗ ਦੀਆਂ ਇੱਛਾਵਾਂ,
ਕੇਵਲ ਸਾਧ ਸੰਗ ਤੇ ਸਿਮਰਨ, ਰੁੜ੍ਹਦੇ ਮਨ ਨੂੰ ਕੰਧੀ ਲਾਵੇ।



www.AKJ.Org

# ਗੁਰਮੁਖ ਪਿਆਰੇ ਭਾਈ ਹਰਚਰਨ ਸਿੰਘ ਜੀ ਅੰਬਾਲਾ ਕੈਂਟ

(ਭਾ: ਤ੍ਰਿਲੋਕ ਸਿੰਘ ਜੀ, ਜਲੰਧਰ)

ਗੁਰਮੁਖ ਪਿਆਰੇ, ਗੁਰੂ ਕੇ ਲਾਲ ਭਾਈ ਹਰਚਰਨ ਸਿੰਘ ਜੀ ਨੂੰ ਘਰ ਵਿੱਚ ਸਾਰੇ ਸਤਿਕਾਰ ਵਜੋਂ ਬਾਊ ਜੀ ਕਹਿ ਕੇ ਨਿਵਾਜਦੇ ਸਨ। ਆਪ ਰਾਵਲਪਿੰਡੀ ਦੇ ਵਸਨੀਕ ਸਨ ਅਤੇ ਉੱਥੇ ਹੀ ਆਪ ਦਾ ਮੇਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਹੋਇਆ। ਸੰਗਤ ਦੀ ਰਹਿਮਤ ਤੇ ਗੁਰੂ ਕ੍ਰਿਪਾ ਸਦਕਾ 1932 ਵਿੱਚ ਆਪ ਜੱਥੇ ਵਿੱਚ ਪੇਸ਼ ਹੋ ਗਏ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਕੀ ਸੱਚੀ ਕਾਰ ਵਿੱਚ ਜੁਟ ਗਏ। ਆਪ ਨੇ ਗੁਰ ਹੁਕਮ ਕਮਾਉਂਦਿਆਂ ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਆਪਣੀ ਆਯੂ ਦੇ ਅਖੀਰਲੇ ਸਮੇਂ ਤੱਕ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਆਪਣਾ ਧਰਮ ਕਰਮ ਸਮਝਿਆ ਅਤੇ ਇਹ ਰਹਿਤ ਤੋੜ ਨਿਭਾ ਗਏ।

ਰਾਵਲਪਿੰਡੀ (ਪਾਕਿਸਤਾਨ) ਵਿੱਚ ਹੀ P. W. D. ਮਹਿਕਮੇ ਵਿੱਚ ਆਪ ਸਰਵਿਸ ਕਰਦੇ ਸਨ। ਦੇਸ਼ ਦੀ ਵੰਡ ਤੋਂ ਬਾਅਦ ਗੁਰੂ ਪਿਆਰਿਆਂ ਦੇ ਪਿਆਰ ਵਿੱਚ ਖਿੱਚੇ ਅੰਬਾਲਾ ਕੈਂਟ ਵਿਖੇ ਹੀ ਆ ਟਿਕੇ। ਇਥੇ ਆਪ ਭਾਈ ਦੁਰਲਭ ਸਿੰਘ ਜੀ ਦੇ ਗ੍ਰਿਹ ਵਿਖੇ ਕੁੱਝ ਸਮਾਂ ਰਹੇ। ਇਥੇ ਆਪ ਨੇ ਮਕਾਨ ਦੀ ਵੰਡ ਲਈ ਕੈਨਟੋਨਮੈਂਟ ਬੋਰਡ ਕੋਲ ਦਰਖਾਸਤ ਦੇ ਰੱਖੀ ਸੀ। ਹੋਰ ਵੀ ਬੜੀ ਦੁਨੀਆਂ ਮਕਾਨ ਪਾਉਣ ਲਈ ਅਸਰ ਰਸੂਖ ਵਾਲੇ ਬੰਦਿਆਂ ਦੀਆਂ ਸਿਫਾਰਸ਼ਾਂ ਲਿਆ ਰਹੇ ਸੀ ਪਰ ਆਪ ਨੇ ਸੱਚੀ ਸਿਫਾਰਸ਼ ਦਾ ਸਹਾਰਾ ਲਿਆ ਅਤੇ ਅਟੱਕ ਗੁਰੂ ਗੁਰੂ ਕਰਦੇ ਰਹੇ। ਆਖਰ ਮਕਾਨ ਆਪ ਨੂੰ ਅਲਾਟ ਹੋਇਆ ਜਿੱਥੇ ਆਪ ਨੇ ਆਪਣੀ ਉਮਰ ਬਿਤਾਈ।

ਸੰਤਾ ਕੇ ਕਾਰਜਿ ਆਪਿ ਖਲੋਇਆ,
ਹਰਿ ਕੰਮੁ ਕਰਾਵਣਿ ਆਇਆ ਰਾਮ।।

(ਪੰਨਾ ੭੮੩)

ਆਪ ਤਕੜੇ ਨਾਮ ਅਭਿਆਸੀ ਸਨ। ਕਈ-ਕਈ ਘੰਟੇ ਆਪ ਇੱਕੋ ਚੌਂਕੜੇ ਕੀਰਤਨ ਸੁਣਦੇ ਅਤੇ ਨਾਲ ਹੀ ਬੋਲਦੇ। ਰੈਣ ਸਬਾਈ ਕੀਰਤਨ ਆਰੰਭ ਤੋਂ ਭੋਗ ਤੱਕ ਇੱਕ ਚੌਂਕੜੇ ਸੁਣਨਾ ਅਤੇ ਰਸ ਮਾਨਣਾ ਆਪਦਾ ਸੁਭਾਗ ਸੀ। ਕੀਰਤਨ ਜਾਣੋ ਆਪਦਾ ਇਸ਼ਕ (ਇਸ਼ਕ ਹਕੀਕੀ) ਸੀ। ਬੀਬੀ ਅੰਮ੍ਰਿਤ ਕੌਰ, ਆਪਦੀ ਸੁਪਤਨੀ, ਇੱਕ ਚੰਗੇ ਸਰਦੇ ਪੁੱਜਦੇ ਅਤੇ ਸੇਵਾ ਸਿਮਰਨ ਦੇ ਮਹਾਨ ਤਪੱਸਵੀ ਸੰਤ ਠੰਡੀ ਸਿੰਘ ਦਿੱਲੀ ਵਾਲਿਆਂ ਦੀ ਸਪੁੱਤਰੀ ਸਨ। ਬੀਬੀ ਜੀ ਨੇ ਬਾਊ ਜੀ ਦੇ ਬਿਬੇਕ ਪਹਿਰੇ ਨੂੰ ਨਿਭਾਉਣ ਵਿੱਚ ਵੱਡਾ ਸਾਥ ਦਿੱਤਾ ਅਤੇ ਸੇਵਾ ਵਿੱਚ ਹਰ ਸਮੇਂ ਤੱਤਪਰ ਰਹਿੰਦੇ ਸਨ।

ਸੀਲ ਸੰਜਮਿ ਪ੍ਰਿਅ ਆਗਿਆ ਮਾਨੈ।।
ਤਿਸੁ ਨਾਰੀ ਕਉ ਦੁਖੁ ਨਾ ਜਮਾਨੈ।।੩।।
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ।।
ਧੰਨੁ ਸਤੀ ਦਰਗਹ ਪਰਵਾਨਿਆ।।

(ਪੰਨਾ ੧੮੫)

ਬੀਬੀ ਜੀ ਕੁੱਝ ਸਾਲ ਪਹਿਲਾਂ ਗੁਰਪੁਰੀ ਪਿਆਨੇ ਕਰ ਗਏ ਸਨ। ਅੰਬਾਲਾ ਕੈਂਟ ਬਾਊ ਜੀ P. W. D. ਮਹਿਕਮੇ ਵਿੱਚ ਕਾਫੀ ਸਮਾਂ ਬਤੌਰ ਹੈੱਡ ਕਲਰਕ ਰਹੇ ਅਤੇ ਸਾਰਾ ਕੰਮ ਉਸਾਰੀ ਦੇ ਬਿਲ ਪਾਸ ਕਰਨ ਦਾ ਹੁੰਦਾ ਸੀ। ਆਮ ਲੋਕਾਈ ਦੀ ਤਰ੍ਹਾਂ ਜੇ ਆਪ ਚਾਹੁੰਦੇ ਤਾਂ ਠੇਕੇਦਾਰਾਂ ਤੋਂ ਰਿਸ਼ਵਤ ਲੈ ਕੇ ਮਹਿਲ ਖੜ੍ਹੇ ਕਰ ਸਕਦੇ ਸਨ ਪਰ ਆਪ ਨੇ ਦਸਾਂ ਨਹੁੰਆਂ ਦੀ ਕਿਰਤ ਨੂੰ ਹੀ ਗੁਰੂ ਕ੍ਰਿਪਾ ਸਦਕਾ ਉੱਚੀ ਸੁੱਚੀ ਕਮਾਈ ਸਮਝਿਆ ਅਤੇ ਹਰ ਮਹੀਨੇ ਆਪਣੀ ਤਨਖਾਹ ਵਿਚੋਂ ਦਸਵੰਧ ਗੁਰੂ ਲੇਖੇ ਲਾ ਕੇ ਫਿਰ ਹੀ ਘਰ ਪੈਸੇ ਵਰਤਣ ਲਈ ਦਿੰਦੇ। ਫਿਰ ਸਮਾਂ ਪਾ ਕੇ ਆਪਦੀ ਬਦਲੀ ਸੁਪਰਡੈਂਟ ਵਜੋਂ ਕੁੱਲੂ ਹੋ ਗਈ। ਇਥੇ ਵੀ ਆਪ ਦੀ ਦਿਲ ਦਰਿਆ ਗੁਰੂ ਪਿਆਰਿਆਂ ਵਾਲੀ ਹੀ ਬਣੀ ਰਹੀ ਅਤੇ ਅੰਮ੍ਰਿਤ ਵੇਲੇ ਦੀ ਸੰਭਾਲ ਚੜ੍ਹਦੀਆਂ ਕਲਾਂ ਵਿੱਚ ਰਹੀ। ਬਾਊ ਜੀ ਆਪਾ ਜਣਾਉਂਦੇ ਨਹੀਂ ਸਨ ਜਿਸ ਕਾਰਨ ਬਹੁਤੀ ਸੰਗਤ ਆਪਨੂੰ ਅਤੇ ਆਪਦੀ ਕਮਾਈ ਨੂੰ ਨਹੀਂ ਸੀ ਜਾਣਦੀ। ਪਰ ਜਿਹੜੇ ਗੁਰਮੁਖ ਜਨਾਂ ਨੇ ਆਪ ਉੱਪਰ ਕੀਰਤਨ ਅਖਾੜਿਆਂ ਵਿਚ ਕਲਾ ਵਰਤਦੀ ਦੇਖੀ ਸੀ ਉਹੀ ਜਾਣਦੇ ਹਨ ਕਿ ਆਪ ਕਿਹੜੀਆਂ ਅਗੰਮੀ ਖੇਡਾਂ ਖੇਡਦੇ ਸਨ। ਘਰ ਆਪ ਤੜਕੇ 12.05 ਤੇ ਉੱਠ ਖਲੋਂਦੇ ਅਤੇ ਘਰ ਦੇ ਬਾਕੀ ਮੈਂਬਰਾਂ ਨੂੰ ਖਬਰ ਵੀ ਨਾ ਹੁੰਦੀ ਕਿ ਆਪ ਸੌਚ



www.AKJ.Org

ਇਸ਼ਨਾਨ ਕਰਕੇ ਸੱਚੀ ਕਾਰੇ ਜੁੜ ਗਏ ਹਨ। ਵੈਸੇ ਤਾਂ ਸਰਕਾਰੀ ਮੁਲਾਜ਼ਮ 58 ਸਾਲ ਦੀ ਉਮਰ ਵਿੱਚ ਸੇਵਾ ਮੁਕਤ (Retire) ਹੁੰਦੇ ਹਨ ਪਰ ਆਪ ਦੀ ਲਗਨ ਅਤੇ ਮਿਹਨਤ ਸਦਕਾ ਆਪ ਨੂੰ 2 ਸਾਲਾਂ ਦੀ ਐਕਸਟੈਨਸ਼ਨ Extention ਮਿਲੀ ਅਤੇ ਆਪ 60 ਸਾਲਾਂ ਬਾਅਦ ਕੁੱਲੂ ਵਿਖੇ ਹੀ ਰਿਟਾਇਰ ਹੋਏ ਅਤੇ ਉਸਤੋਂ ਬਾਅਦ ਲੋਕਾਂ ਦੇ ਮਜ਼ਬੂਰ ਕਰਨ ਦੇ ਬਾਵਜੂਦ ਵੀ ਆਪਨੇ ਵਿਡਾਣੀ ਚਾਕਰੀ ਕਰਨੋਂ ਇਨਕਾਰ ਕਰ ਦਿੱਤਾ ਅਤੇ ਉਮਰ ਪ੍ਰਯੰਤ ਸੱਚੀ ਕਾਰੇ ਜੁਟੇ ਰਹੇ।

ਆਪ ਨੂੰ ਹਰਨੀਆਂ ਦੀ ਸ਼ਿਕਾਇਤ ਹੋ ਗਈ ਸੀ। ਆਪ ਰੋਮਾਂ ਦੀ ਬੇਅਦਬੀ ਹੋਣ ਤੋਂ ਕੰਨੀ ਕਤਰਾਉਂਦੇ ਸਨ ਜਿਸ ਕਾਰਨ ਕਾਫੀ ਸਮਾਂ ਆਪ ਨੇ ਪੇਟੀ ਲਾ ਕੇ ਗੁਜ਼ਾਰਿਆ ਪਰ ਜਦੋਂ ਤਕਲੀਫ਼ ਬਹੁਤ ਜ਼ਿਆਦਾ ਵੱਧ ਗਈ ਤਾਂ ਪਰਿਵਾਰ ਦੇ ਕਹਿਣ ਪਰ ਅਪਰੇਸ਼ਨ ਕਰਾਉਣਾ ਮੰਨ ਲਿਆ। ਸਬੱਬ ਨਾਲ ਦਿੱਲੀ ਤੇ ਇੱਕ ਵੱਡੇ ਹਸਪਤਾਲ ਵਿੱਚ ਆਪ ਦਾ ਚਚੇਰਾ ਭਰਾ ਸੀਨੀਅਰ ਡਾਕਟਰ ਸੀ, ਉਸ ਤਾਈਂ ਪਹੁੰਚ ਕੀਤੀ ਗਈ ਅਤੇ ਆਪ ਨੇ ਉਸਨੂੰ ਸਾਫ਼-ਸਾਫ਼ ਕਹਿ ਦਿੱਤਾ ਕਿ ਰੋਮਾਂ ਦੀ ਬੇਅਦਬੀ ਹੋਏ ਬਗੈਰ ਅਪਰੇਸ਼ਨ ਹੋਣਾ ਚਾਹੀਦਾ ਹੈ ਇਸ ਪਰ ਉਸ Doctor ਨੇ ਆਪਣੀ ਅਸਮਰਥਾ ਦਿਖਾਈ ਪਰ ਫਿਰ ਵੀ ਉਸ ਨੇ ਇਹ ਦਿਲਾਸਾ ਦਿੱਤਾ ਕਿ ਉਹ ਆਪਣੇ ਸਾਥੀ ਡਾਕਟਰਾਂ ਨਾਲ ਸਲਾਹ ਕਰੇਗਾ। ਕਿਉਂਕਿ ਇਹ ਇੱਕ ਅਜੀਬ ਕਿਸਮ ਦਾ ਕੇਸ ਸੀ। ਸੀਨੀਅਰ ਡਾਕਟਰ ਦੇ ਨਜ਼ਦੀਕੀ ਰਿਸ਼ਤੇਦਾਰ ਦਾ ਕੇਸ ਹੋਣ ਕਾਰਨ 16 ਡਾਕਟਰਾਂ ਦੀ ਟੀਮ ਨੇ ਮੀਟਿੰਗ ਕੀਤੀ। ਇਸ ਵਿਚ ਇੱਕ ਅਮਰੀਕਨ ਡਾਕਟਰ ਵੀ ਸੀ। ਉੱਥੇ ਬਾਊ ਜੀ ਦੀ ਸ਼ਰਤ ਨੂੰ ਵਿਚਾਰਿਆ ਗਿਆ ਅਤੇ ਡਾਕਟਰਾਂ ਨੇ ਬਾਊ ਜੀ ਨੂੰ ਮੀਟਿੰਗ ਵਿੱਚ ਬੁਲਾਇਆ। ਅਮਰੀਕਨ ਡਾਕਟਰ ਆਪ ਜੀ ਦਾ ਗੁਰਮੁਖੀ ਬਾਣਾ ਵੇਖ ਕੇ ਆਪ ਅੱਗੇ ਝੁਕ ਗਿਆ ਅਤੇ ਉਸ ਨੇ ਕਿਹਾ ਕਿ ਇਹੋ-ਜਿਹਾ ਸਰੂਪ ਉਸਨੇ ਪਹਿਲੀ ਵਾਰ ਡਿੱਠਾ ਹੈ। ਇੱਥੇ ਵਰਨਣਯੋਗ ਹੈ ਕਿ ਆਪ ਸਾਦਾ ਕੁੜਤਾ ਪਜਾਮਾ, ਉਪਰੋਂ ਦੀ ਗਾਤਰਾ ਅਤੇ ਸੀਸ ਪਰ ਨੀਲਾ ਦਸਤਾਰਾ ਉੱਪਰ ਖੰਡਾ ਸਜਾਇਆ ਕਰਦੇ ਸਨ। ਉਸ ਨੇ ਬਾਊ ਜੀ ਨਾਲ ਇੰਗਲਿਸ਼ ਵਿੱਚ ਗੱਲਾਂ ਕੀਤੀਆਂ ਅਤੇ ਅੱਧੇ ਘੰਟੇ ਦੀ ਬਹਿਸ ਤੋਂ ਬਾਅਦ ਉਸਨੇ ਇਹ ਅਪਰੇਸ਼ਨ ਬਿਨਾਂ ਰੋਮਾਂ ਨੂੰ ਛੇੜੇ ਕਰਨ ਦੀ ਜ਼ੁਮੇਵਾਰੀ ਲਈ ਪਰ ਨਾਲ ਬਾਊ ਜੀ ਨੂੰ ਇਹ ਲਿਖਕੇ ਦੇਣ ਲਈ ਵੀ ਕਿਹਾ ਕਿ ਅਗਰ ਇੱਕ ਰੋਮ ਵੀ ਚਮੜੀ ਅੰਦਰ ਰਹਿ ਗਿਆ ਅਤੇ ਉਸ ਨਾਲ ਕੋਈ ਅਣਹੋਣੀ ਹੋ ਗਈ ਤਾਂ ਉਸ ਦੀ ਜ਼ੁਮੇਵਾਰੀ ਉਹ ਨਹੀਂ ਲਏਗਾ। ਬਾਊ ਜੀ ਨੇ ਬਿਨਾਂ ਬਿਲਮ ਕੀਤੇ ਉਸ ਨੂੰ ਲਿਖ ਫੜਾਇਆ ਕਿ ਜ਼ੁਮੇਵਾਰੀ ਮੇਰੀ ਹੈ। ਅਪਰੇਸ਼ਨ ਹੋਇਆ ਅਤੇ ਡਾਕਟਰ ਆਪਣੀ ਕਾਮਯਾਬੀ ਤੇ ਬਹੁਤ ਖੁਸ਼ ਸੀ ਅਤੇ ਇਹ ਉਸਦੀ ਜ਼ਿੰਦਗੀ ਦਾ ਪਹਿਲਾ ਐਸਾ ਤਜਰਬਾ ਸੀ।

ਆਪਰੇਸ਼ਨ ਦੌਰਾਨ ਡਾਕਟਰ ਇਸ ਗੱਲ ਤੇ ਹੈਰਾਨ ਸੀ ਕਿ 10 ਟੀਕੇ ਲਗਾਉਣ ਦੇ ਬਾਅਦ ਵੀ ਬਾਊ ਜੀ ਦਾ ਨਾਮ ਦਾ ਖੰਡਾ ਅਟੱਕ ਖੜਕ ਰਿਹਾ ਸੀ ਤਾਂ ਉਸ ਨੂੰ ਸਮਝ ਨਾ ਆਈ ਕਿ ਇਹ ਕੀ ਹੋ ਰਿਹਾ ਹੈ। ਫਿਰ ਉਸ ਬਾਊ ਜੀ ਦੇ ਭਰਾ (Doctor) ਪਾਸੋਂ ਪੁਛਿਆ ਤਾਂ ਉਸ ਨੇ ਸਮਝਾਇਆ। ਫਿਰ ਦੋ ਟੀਕੇ ਹੋਰ ਲਗਾਏ ਗਏ ਤਾਂ ਬਾਊ ਜੀ ਦਾ ਸਰੀਰ ਕੁੱਝ ਧੀਮਾ ਪਿਆ ਅਤੇ ਆਪਰੇਸ਼ਨ ਕੀਤਾ ਗਿਆ।

ਬਾਊ ਜੀ ਨੇ "ਗੁਰ ਸਤਿਗੁਰ ਕਾ ਜੋ ਸਿਖ ਅਖਾਏ, ਸੋ ਭਲਕੇ ਉਠ ਹਰਿਨਾਮ ਧਿਆਵੈ।।" ਦੇ ਸਾਰੇ ਸ਼ਬਦ ਅਨੁਸਾਰ ਆਪਣਾ ਜੀਵਨ ਬਤੀਤ ਕੀਤਾ। ਆਪ ਅੰਦਰੋਂ ਬਾਹਰੋਂ ਇੱਕ ਸਨ। ਕਿਸੇ ਵਿਅਕਤੀ ਦੇ ਰੁਤਬੇ ਦੀ ਪਰਵਾਹ ਨਾ ਕਰਦੇ ਹੋਏ ਸਚਾਈ ਕਹਿ ਦਿੰਦੇ ਸਨ ਭਾਵੇਂ ਜੋ ਮਰਜ਼ੀ ਪਿਆ ਹੋਵੇ। ਆਪਣੇ ਆਖਰੀ ਸਮੇਂ ਤੱਕ ਜੱਥੇ ਦੀ ਚੜ੍ਹਦੀ ਕਲਾ ਲਈ ਆਪ ਨੂੰ ਜਿੱਥੇ ਕਿੱਥੇ ਵੀ ਸੰਗਤਾਂ ਵਿਚਾਰ ਪ੍ਰਗਟ ਕਰਨ ਲਈ ਹੁਕਮ ਕੀਤਾ ਆਪ ਆਪਣੀ ਤਕਲੀਫ਼ ਦੀ ਪਰਵਾਹ ਨਾ ਕਰਦੇ ਹੋਏ ਜਾ ਹਾਜ਼ਰ ਹੁੰਦੇ।

ਆਖਰ ਸੱਚੀ ਦਰਗਾਹ ਦੇ ਸੱਦੜੇ ਆਏ ਅਤੇ ਇਕ ਦਿਨ ਪਹਿਲਾਂ ਹੀ ਬੋਲਣਾ ਬੰਦ ਹੋ ਗਿਆ ਪਰ ਅੰਤਰਗਤੀ ਨਾਮ ਦਾ ਖੰਡਾ ਖੜਕਾਉਂਦੇ ਰਹੇ ਅਤੇ 7 ਫਰਵਰੀ 1996 ਨੂੰ ਗੁਰਪੁਰੀ ਨੂੰ ਪਿਆਨੇ ਕਰ ਗਏ। ■■■■■



www.AKJ.Org

## ਸ੍ਰੀ ਹਰਿਮੰਦਰ ਸਾਹਿਬ ਦੀ ਮਹੱਤਤਾ

ਇਤਿਹਾਸਕ ਜਾਂ ਧਾਰਮਿਕ ਇਮਾਰਤਾਂ ਦੀ ਸੁੰਦਰਤਾ ਤੇ ਮਹੱਤਤਾ ਉਨ੍ਹਾਂ ਉੱਤੇ ਲਿਸ਼ਕਾਰੇ ਮਾਰਦੇ ਸੋਨੇ ਦੇ ਗੁੰਬਦਾਂ ਜਾਂ ਸੰਗਮਰਮਰ ਦੇ ਫਰਸ਼ਾਂ ਵਿੱਚ ਨਹੀਂ ਹੁੰਦੀ, ਸਗੋਂ ਉਨ੍ਹਾਂ ਨੂੰ ਬਣਾਉਣ ਵਾਲੇ ਹੰਸੁਲੇ ਜੀਉੜਿਆਂ ਦੀਆਂ ਮਹਾਨ ਕਰਨੀਆਂ ਵਿੱਚ ਛੁਪੀ ਹੁੰਦੀ ਹੈ, ਜਿਹੜੇ ਦੂਜਿਆਂ ਦੇ ਰਾਹਾਂ ਉੱਤੇ ਦਇਆ ਧਰਮ ਅਤੇ ਖੁਸ਼ੀਆਂ ਤੇ ਫੁੱਲ ਖਿੜਾਉਣ ਲਈ ਆਪ ਕੰਕਰ, ਕੰਡਿਆਂ ਅਤੇ ਦਗਦੇ ਅੰਗਿਆਰਾਂ ਉੱਤੋਂ ਦੀ ਲੰਘਦੇ ਹਨ। ਬੁਰਾਈ ਦਾ ਨਾਸ਼ ਕਰਨ ਲਈ "ਖੰਨਿਅਹੁ ਤਿੱਖੇ ਵਾਲਹੁ ਨਿਕੇ" ਰਾਹ ਉੱਤੇ ਨਿਰਾਲੀ ਚਾਲ ਚੱਲਦੇ ਹੋਏ ਪੈਰੋਂ ਖੂਨ ਦੀਆਂ ਤਤੀਰੀਆਂ ਵਗਾਉਂਦੇ ਹਨ। ਸੱਚ ਦੀ ਮੰਜ਼ਿਲ ਵੱਲ ਜਾਂਦਿਆਂ, ਉਨ੍ਹਾਂ ਦੇ ਲਹੂ ਭਿੱਜੇ ਪੈਰਾਂ ਦੀ ਪੈੜ ਨਾਲ ਜਿਹੜੀ ਮਿੱਟੀ ਲਹੂ ਨਾਲ ਸੁਰਖ ਹੋ ਜਾਂਦੀ ਹੈ ਉਸ ਮਿੱਟੀ ਉੱਤੇ ਧਾਰਮਿਕ ਇਮਾਰਤਾਂ ਉੱਸਰ ਜਾਂਦੀਆਂ ਹਨ ਤੇ ਫਿਰ ਇਹਨਾਂ ਇਮਾਰਤਾਂ ਵਿਚੋਂ ਉਹਨਾਂ ਧਰਮੀ ਜੀਉੜਿਆਂ ਦੀਆਂ ਸੋਹਣੀਆਂ ਤੇ ਮਹਾਨ ਕਰਨੀਆਂ ਦੀ ਲੋਅ ਵਾਲੇ ਦੀਵਿਆਂ ਦੀ ਦੀਵਾਲੀ ਜਗਣ ਲੱਗ ਪੈਂਦੀ ਹੈ। ਝੂਠ ਦੀ ਅੰਧਿਆਰੀ ਮੱਸਿਆ ਦੀ ਕਾਲੀ ਬੋਲੀ ਰਾਤ ਵਿੱਚ ਜਦੋਂ ਇਨ੍ਹਾਂ ਇਮਾਰਤਾਂ ਦੇ ਬੂਹੇ ਬਾਰੀਆਂ ਥਾਣੀਂ ਸੱਚ ਰੂਪੀ ਚੰਦਰਮਾ ਦੀਆਂ ਸੁਨਹਿਰੀ ਰਿਸ਼ਮਾਂ ਦੀ ਫੁਹਾਰ ਪੈਂਦੀ ਹੈ ਤਾਂ ਇਹ ਇਮਾਰਤਾਂ ਝਿਲਮਿਲ ਝਿਲਮਿਲ ਕਰਦੀਆਂ ਹੋਈਆਂ, ਇਲਾਹੀ ਨੂਰ ਦੀ ਦੁਹਾਈ ਪਾਉਂਦੀਆਂ ਹੋਈਆਂ ਆਪਣੀ ਪਛਾਣ ਆਪੇ ਹੀ ਕਰਵਾ ਦਿੰਦੀਆਂ ਹਨ। ਸੱਚ ਰੂਪੀ ਚਾਨਣ ਦੇ ਤ੍ਰਿਹਾਇਆਂ ਨੂੰ ਇਹ ਦੂਰੋਂ ਖਿੱਚਾਂ ਪਾਉਂਦੀਆਂ ਹਨ।

ਸ੍ਰੀ ਹਰਿਮੰਦਰ ਸਾਹਿਬ ਦੀ ਮਹੱਤਤਾ ਵੀ ਉਸਦੀਆਂ ਸੋਨੇ ਜੜੀਆਂ ਕੰਧਾਂ ਅਤੇ ਸੁਨਹਿਰੀ ਗੁੰਬਦਾਂ ਵਿੱਚ ਨਹੀਂ ਹੈ, ਸਗੋਂ ਉਸਦੇ ਸੁਨਹਿਰੀ ਇਤਿਹਾਸ ਵਿੱਚ ਛੁਪੀ ਹੋਈ ਹੈ। ਮੁੱਦਤਾਂ ਤੋਂ ਹੋ ਰਹੇ ਅਖੰਡ ਕੀਰਤਨ ਨੇ ਇਸ ਨੂੰ ਅੰਮ੍ਰਿਤ-ਸੁਰਾਂ ਨਾਲ ਮਹਿਕਾਇਆ ਹੋਇਆ ਹੈ। ਧਰਮ-ਹੇਤ ਕੁਰਬਾਨ ਹੋਏ ਮਰਜੀਵੜਿਆਂ ਦੇ ਆਖਰੀ ਸਾਹ ........ ਜਿਹੜੇ ਵਾਹਿਗੁਰੂ......ਵਾਹਿਗੁਰੂ ਕਹਿੰਦਿਆਂ ਨਿਕਲੇ.......। ਹਮੇਸ਼ਾਂ ਹਮੇਸ਼ਾਂ ਲਈ ਇਥੋਂ ਦੇ ਵਾਤਾਵਰਣ ਵਿੱਚ ਸਮਾ ਚੁੱਕੇ ਹਨ। ਕੁਰਬਾਨੀਆਂ ਦੇ ਇਤਿਹਾਸ ਦੇ ਵਰਕੇ ਪਰਤਦੀਆਂ ਹੋਈਆਂ ਅੰਮ੍ਰਿਤ ਸਰੋਵਰ ਦੀਆਂ ਲਹਿਰਾਂ ਸੰਤ-ਸਿਪਾਹੀਆਂ ਦੇ ਸੋਹਲੇ ਅਲਾਪਦੀਆਂ ਹਨ।

ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਦਰਸ਼ਨ ਕਰਕੇ ਮੀਰੀ ਤੇ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਹੋਰ ਅਨੇਕਾਂ ਸਿਰਲੱਥ ਸੂਰਿਆਂ ਦੀਆਂ ਯਾਦਾਂ ਆ ਜਾਂਦੀਆਂ ਹਨ, ਜਿਨ੍ਹਾਂ ਨੇ ਸਾਨੂੰ ਸਿਖਾਇਆ ਕਿ ਜ਼ੁਲਮ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹਾਦਤ ਦਾ ਜਾਮ ਪੀਣ ਲਈ ਲਟਬੌਰੇ ਕਿਵੇਂ ਹੋਣਾ ਹੈ ਅਤੇ ਸੱਚੇ ਨਾਮ ਵਿੱਚ ਰੰਗ ਹੋ ਕੇ ਮਹਾਂ ਅਨੰਦ ਦੇ ਸਾਗਰਾਂ ਵਿੱਚ ਤਾਰੀਆਂ ਕਿਵੇਂ ਲਗਾਉਣੀਆਂ ਹਨ।

ਸਾਡੇ ਸੱਚੇ ਸਤਿਗੁਰਾਂ ਦੀ ਬਣਾਈ ਇਸ ਧਾਰਮਿਕ ਤੇ ਇਤਿਹਾਸਿਕ ਇਮਾਰਤ ਦੇ ਬਨੇਰਿਆਂ ਉੱਤੋਂ ਕਦੀ ਕਦੀ ਬੁਰਾਈ ਸੰਗ ਆਢਾ ਲੈਣ ਵਾਲੇ ਸੰਤ-ਸਿਪਾਹੀਆਂ ਦੀਆਂ ਕੁਰਬਾਨੀਆਂ ਦੀਆਂ ਆਤਿਸ਼ਬਾਜ਼ੀਆਂ ਚਲਦੀਆਂ ਹਨ ਜੋ ਅਸਮਾਨਾਂ ਦੀਆਂ ਸਿਖਰਾਂ ਨੂੰ ਛੋਂਹਦੀਆਂ ਹੋਈਆਂ ਸਾਰੀ ਦੁਨੀਆਂ ਉੱਤੇ ਸੱਚ ਦੇ ਚੰਗਿਆੜਿਆਂ ਦੇ ਛੱਟੇ ਦੇ ਜਾਂਦੀਆਂ ਹਨ। ■■■■■

---

(ਪੰਨਾ ੧੪ ਦਾ ਬਾਕੀ.........)

ਸਰੀਰ ਸੀ ਤਦੋਂ ਮਨ (ਚੇਤਨ ਸੱਤਾ) ਦਾ ਟਿਕਾਣਾ ਕਿੱਥੇ ਸੀ ?

ਜਦੋਂ ਨਾਭੀ ਦਾ ਚੱਕਰ ਹੀ ਨਹੀਂ ਸੀ, ਤਦੋਂ ਸੁਆਸ ਕਿੱਥੇ ਟਿਕਦੇ ਸਨ ?

ਜਦੋਂ ਕੋਈ ਰੂਪ ਰੇਖ ਨਹੀਂ ਸੀ ਤਦੋਂ ਸ਼ਬਦ ਦਾ ਟਿਕਾਣਾ ਕਿੱਥੇ ਸੀ ?

ਜਦੋਂ ਇਹ ਸਰੀਰ ਨਹੀਂ ਸੀ ਤਦੋਂ ਮਨ ਪ੍ਰਭੂ ਵਿੱਚ ਕਿਵੇਂ ਜੁੜਦਾ ਸੀ ?

ਜਵਾਬ :– ਜਦੋਂ ਹਿਰਦਾ ਤੇ ਸਰੀਰ ਨਹੀਂ ਸਨ ਤਦੋਂ ਵੈਰਾਗੀ ਮਨ ਨਿਰਗੁਣ ਪ੍ਰਭੂ ਵਿੱਚ ਲੀਨ ਸੀ।

ਜਦੋਂ ਨਾਭੀ ਚੱਕਰ ਦੀ ਥੰਮੀਂ ਨਹੀਂ ਸੀ ਤਦੋਂ ਪ੍ਰਾਣ ਭੀ ਪ੍ਰਭੂ ਵਿੱਚ ਹੀ ਟਿਕੇ ਹੋਏ ਸਨ।

ਜਦੋਂ ਜਗਤ ਦਾ ਕੋਈ ਰੂਪ ਰੇਖ ਨਹੀਂ ਸੀ ਤਦੋਂ *'ਦੁੱਤਰ ਸਾਗਰ'* ਤੋਂ ਤਾਰਨ ਵਾਲਾ ਸ਼ਬਦ ਭੀ ਪ੍ਰਭੂ ਵਿੱਚ ਹੀ ਲੀਨ ਸੀ।

ਸਵਾਲ :– ਜਗਤ ਪੈਦਾ ਕਿਉਂ ਹੁੰਦਾ ਹੈ ਤੇ ਦੁੱਖੀ ਕਿਉਂ ਹੁੰਦਾ ਹੈ ?

ਜਵਾਬ :– ਜਗਤ ਹਉਮੈ ਵਿੱਚ ਪੈਦਾ ਹੁੰਦਾ ਹੈ। ਜੇ ਇਸ ਨੂੰ ਪ੍ਰਭੂ ਦਾ ਨਾਮ ਵਿਸਰ ਜਾਏ ਤਾਂ ਇਹ ਦੁੱਖ ਪਾਉਂਦਾ ਹੈ।

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਹਉਮੈ (ਸੁਆਰਥ) ਨੂੰ ਸਾੜਦਾ ਹੈ ਉਹ ਸਦਾ ਕਾਇਮ ਰਹਿਣ ਵਾਲੇ ਪ੍ਰਮਾਤਮਾ ਵਿੱਚ ਟਿਕਿਆ ਰਹਿੰਦਾ ਹੈ। ■■■■■



www.AKJ.Org

# ਬਾਬਾ ਗਇਆ ਬਗ਼ਦਾਦ ਨੂੰ

(ਪ੍ਰੋਫੈਸਰ ਸਾਹਿਬ ਸਿੰਘ ਜੀ)

ਸ਼ਹਿਰ ਬਗ਼ਦਾਦ ਨੌਸ਼ੀਰਵਾਂ ਬਾਦਸ਼ਾਹ ਨੇ ਵਸਾਇਆ ਸੀ। ਉਸ ਥਾਂ, ਜਿੱਥੇ ਉੱਤਰ ਵੱਲੋਂ ਆ ਰਹੇ ਦਰਿਆ ਦਜਲਾ ਤੇ ਫ਼ਰਾਤ ਮਿਲ ਜਾਂਦੇ ਹਨ। ਅਗਾਂਹ ਫਿਰ ਦਰਿਆ ਦੀਆਂ ਦੋ ਧਾਰਾਂ ਬਣ ਜਾਂਦੀਆਂ ਹਨ, ਤੇ ਸ਼ਹਿਰ ਬਸਰੇ ਕੋਲ ਫਿਰ ਮਿਲ ਜਾਂਦੀਆਂ ਹਨ।

ਬਗ਼ਦਾਦ ਵਿੱਚ ਇੱਕ ਬੜਾ ਪ੍ਰਸਿੱਧ ਪੀਰ ਅਬਦੁਲ ਕਾਦਿਰ ਹੋਇਆ। ਇਸ ਦਾ ਜਨਮ ਈਰਾਨ ਦੇਸ਼ ਦੇ ਨਗਰ ਜੀਲਾਨ ਵਿੱਚ ਸੰਨ ੧੦੭੮ ਈਸਵੀ ਵਿੱਚ ਹੋਇਆ ਸੀ। ੨੨ ਫ਼ਰਵਰੀ ੧੧੬੬ ਨੂੰ ਇਸ ਪੀਰ ਦਾ ਦੇਹਾਂਤ ਬਗ਼ਦਾਦ ਵਿੱਚ ਹੋਇਆ। ਬਗ਼ਦਾਦ ਵਿੱਚ ਉਸ ਦਾ ਮਕਬਰਾ ਬਣਿਆ ਹੋਇਆ ਹੈ। ਪੀਰ ਅਬਦੁਲ ਕਾਦਿਰ ਦਾ ਪ੍ਰਸਿੱਧ ਨਾਮ *'ਦਸਤਗੀਰ'* ਹੈ। ਉਸ ਦੇ ਜਾਂ-ਨਸ਼ੀਨ ਭੀ *'ਦਸਤਗੀਰ'* ਅਖਵਾਂਦੇ ਹਨ। ਪੀਰ ਦੀ ਸੰਪ੍ਰਦਾਇ ਦੇ ਦਰਵੇਸ਼ *'ਕਾਦਰੀ'* ਅਖਵਾਂਦੇ ਹਨ।

ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦੇ ਬਗ਼ਦਾਦ ਪਹੁੰਚਣ ਬਾਰੇ ਆਪਣੀ ਪਹਿਲੀ *'ਵਾਰ'* ਦੀ ੩੫ਵੀਂ ਅਤੇ ੩੬ਵੀਂ ਪਉੜੀ ਵਿੱਚ ਇਉਂ ਲਿਖਿਆ ਹੈ-

ਫਿਰਿ ਬਾਬਾ ਗਇਆ ਬਗ਼ਦਾਦ ਨੋ,
ਬਾਹਰਿ ਜਾਇ ਕੀਆ ਅਸਥਾਨਾ।।
ਇਕ ਬਾਬਾ ਅਕਾਲ ਰੂਪੁ,
ਦੂਜਾ ਰਬਾਬੀ ਮਰਦਾਨਾ।।
ਦਿਤੀ ਬਾਂਗਿ ਨਿਵਾਜਿ ਕਰਿ,
ਸੁੰਨਿ ਸਮਾਨਿ ਹੋਆ ਜਹਾਨਾ।।
ਸੁੰਨ-ਮੁੰਨਿ ਨਗਰੀ ਭਈ,
ਦੇਖਿ ਪੀਰ ਭਇਆ ਹੈਰਾਨਾ।।
ਵੇਖੈ ਧਿਆਨੁ ਲਗਾਇ ਕਰਿ,
ਇਕੁ ਫਕੀਰੁ ਵਡਾ ਮਸਤਾਨਾ।।
ਪੁਛਿਆ ਫਿਰਿ ਕੈ ਦਸਤਗੀਰ,
ਕਉਣ ਫਕੀਰੁ ਕਿਸ ਕਾ ਘਰਿਹਾਨਾ।।
ਨਾਨਕ ਕਲਿ ਵਿਚਿ ਆਇਆ,
ਰਬੁ ਫਕੀਰੁ ਇਕੋ ਪਹਿਚਾਨਾ।।
ਧਰਤਿ ਆਕਾਸ ਚਹੂ ਦਿਸ ਜਾਨਾ।।੩੫।।
ਪੁਛੇ ਪੀਰ ਤਕਰਾਰ ਕਰਿ,
ਏਹ ਫਕੀਰ ਵਡਾ ਅਤਾਈ।।
ਏਥੇ ਵਿਚਿ ਬਗ਼ਦਾਦ ਦੇ
ਵਡੀ ਕਰਾਮਾਤਿ ਦਿਖਲਾਈ।।
ਪਾਤਾਲਾ ਆਕਾਸ ਲਖ,
ਓੜਕਿ ਭਾਲੀ, ਖਬਰੁ ਸੁਣਾਈ।।
ਫੇਰਿ ਦੁਰਾਇਣ ਦਸਤਗੀਰਿ,
ਅਸੀ ਭਿ ਵੇਖਾ ਜੋ ਤੁਹਿ ਪਾਈ।।
ਨਾਲਿ ਲੀਤਾ ਬੇਟਾ ਪੀਰ ਦਾ,
ਅਖੀ ਮੀਟਿ ਗਇਆ ਹਾਵਾਈ।।
ਲਖ ਆਕਾਸ ਪਾਤਾਲ ਲਖ,
ਅਖਿ ਫੁਰੰਕ ਵਿਚਿ ਸਭਿ ਦਿਖਲਾਈ।।
ਭਰਿ ਕਚਕੌਲ ਪ੍ਰਸਾਦਿ ਦਾ,
ਧੁਰੋ ਪਤਾਲੋ ਲਈ ਕੜਾਹੀ।।
ਜ਼ਾਹਰ ਕਲਾ ਨ ਛਪੈ ਛਪਾਈ।।੩੬।।

ਰਾਗ ਵਿੱਚ ਇਹ ਕੁਦਰਤੀ ਤਾਸੀਰ ਹੈ ਕਿ ਸੁਣਨ ਵਾਲੇ ਦੇ ਮਨ ਨੂੰ ਮਸਤ ਕਰਕੇ ਹੋਰ ਹੋਰ ਦੌੜ-ਭੱਜ ਵਲੋਂ ਹਟਾ ਕੇ, ਇੱਕ ਟਿਕਾਣੇ ਤੇ ਲਿਆ ਟਿਕਾਂਦਾ ਹੈ। ਫਿਰ ਜੇ ਰਾਗ ਵਿਚ ਪਰਮਾਤਮਾ ਦੀ ਸਿਫ਼ਤ-ਸਲਾਹ ਦੀ ਬਾਣੀ ਰਲਾ ਕੇ ਗਾਈ ਜਾਏ, ਤਾਂ ਸੁਣਨ ਵਾਲੇ ਦੇ ਧੁਰ ਅੰਦਰ ਥਾਂ ਬਣਾ ਲੈਂਦਾ ਹੈ।

ਰਾਗ ਦੀ ਇਸ ਉੱਚੀ ਤਾਸੀਰ ਤੋਂ ਟਪਲਾ ਖਾ ਕੇ ਗੰਦੇ ਗੀਤਾਂ ਉੱਤੇ ਦੋਸ਼ ਲਾਣ ਦੇ ਥਾਂ ਕਈ ਮੁਸਲਮਾਨ ਮਜ਼ਹਬੀ ਆਗੂਆਂ ਨੇ ਰਾਗ ਨੂੰ ਹੀ ਦੋਸ਼ੀ ਮੰਨ ਲਿਆ। ਮੁਸਲਮਾਨਾਂ ਵਿਚ ਇਹ ਆਮ ਖ਼ਿਆਲ ਬਣ ਗਿਆ ਹੈ ਕਿ ਸ਼ਰਹ ਅਨੁਸਾਰ *'ਰਾਗ'* ਹਰਾਮ ਹੈ। ਬਗ਼ਦਾਦ ਨਿਵਾਸੀ ਪੀਰ *'ਦਸਤਗੀਰ'* ਅਤੇ ਬਹਿਲੋਲ ਆਦਿਕ ਹੋਰ ਵਲੀ ਭੀ ਇਹੀ ਮੰਨ ਬੈਠੇ ਸਨ ਕਿ *'ਰਾਗ ਹਰਾਮ'* ਹੈ, ਇਸ ਨੂੰ ਸੁਣਿਆਂ ਮਨ ਉੱਤੇ ਸ਼ੈਤਾਨ ਆ ਸਵਾਰ ਹੁੰਦਾ ਹੈ। ਆਤਮਕ ਜੀਵਨ ਦੇ ਰਸਤੇ ਵਿਚ ਇਹ ਠੇਡਾ ਸੀ, ਜੋ ਉਨ੍ਹਾਂ ਲੋਕਾਂ ਨੂੰ ਲੱਗ ਰਿਹਾ ਸੀ।

ਜਿਵੇਂ ਗੁਰੂ ਨਾਨਕ ਦੇਵ ਜੀ ਨੇ ਮੱਕੇ ਜਾ ਕੇ *'ਕਾਬੇ'* ਵੱਲ ਪੈਰ ਪਸਾਰ ਕੇ ਭੁਲੇਖੇ ਵਿਚ ਪਏ ਲੋਕਾਂ ਨੂੰ ਇਹ ਸਮਝਾਇਆ ਸੀ ਕਿ ਖ਼ੁਦਾ ਦਾ ਘਰ ਸਿਰਫ਼ *'ਕਾਬਾ'* ਨਹੀਂ ਹੈ, ਖ਼ੁਦਾ ਹਰ ਥਾਂ ਹਾਜ਼ਰ-ਨਾਜ਼ਰ ਹੈ, ਤਿਵੇਂ ਹੀ ਇਸਲਾਮ ਦੇ ਗੜ੍ਹ ਬਗ਼ਦਾਦ ਵਿਚ ਪਹੁੰਚ ਕੇ *'ਰਾਗ'* ਨੂੰ ਹਰਾਮ ਸਮਝਣ ਵਾਲੇ ਲੋਕਾਂ ਨੂੰ *'ਰਾਗ'*


www.AKJ.Org

ਦੀ ਰਾਹੀਂ ਖ਼ੁਦਾ ਦੀ ਸਿਫਤ-ਸਲਾਹ ਸੁਣਾ ਕੇ ਅਮਲੀ ਤੌਰ ਤੇ ਉਸ ਦੀ ਤਾਸੀਰ ਦਿਖਾ ਦਿੱਤੀ। ਜਿਸ ਜਿਸ ਮਨੁੱਖ ਦੀ ਕੰਨੀਂ ਉਹ *'ਕੀਰਤਨ'* ਪਿਆ, ਉਹ ਉਹ ਸੁੰਨ-ਮੁੰਨ ਹੁੰਦਾ ਗਿਆ, ਉਸ ਉਸ ਦੀ ਸੁਰਤ ਨਿਰਭੈ ਰੱਬੀ ਹਜ਼ੂਰੀ ਵਿੱਚ ਟਿਕਦੀ ਗਈ। ਕਿਸੇ ਨੂੰ ਇਹ ਹਿੰਮਤ ਨਾ ਪਈ ਕਿ ਨਿਡਰ ਨਿਰਭੈ ਗੁਰੂ ਨਾਨਕ ਉੱਤੇ ਕੋਈ ਮਾਰੂ ਵਾਰ ਕਰ ਸਕੇ। ਪੀਰ ਦਸਤਗੀਰ ਵਲੀ ਬਹਿਲੋਲ ਅਤੇ ਹੋਰ ਦਰਵੇਸ਼ ਭੀ ਆ ਪਹੁੰਚੇ। ਸਭ ਨੇ ਰੱਬੀ ਸਿਫਤ-ਸਲਾਹ *'ਰਾਗ'* ਵਿਚ ਸੁਣੀ। ਉਨ੍ਹਾਂ ਨੂੰ ਯਕੀਨ ਆ ਗਿਆ ਕਿ *'ਰਾਗ'* ਹਰਾਮ ਨਹੀਂ ਹੈ। ਇਸ ਤੋਂ ਸੰਕੋਚ ਨਹੀਂ ਕਰਨਾ, ਸੰਕੋਚ ਕਰਨਾ ਹੈ ਗੰਦੇ ਗੀਤਾਂ ਤੋਂ, ਜੋ *'ਰਾਗ'* ਵਿਚ ਰਲ ਕੇ ਸੁਣਨ ਵਾਲੇ ਮਨੁੱਖ ਵਾਸਤੇ ਆਤਮਕ ਮੌਤ ਦਾ ਕਾਰਣ ਬਣਦੇ ਹਨ।

ਪਤਾ ਨਹੀਂ ਕਿਉਂ, ਪਰ ਇਹ ਮਜ਼ਹਬੀ ਰਾਹਬਰ ਇਹ ਗ਼ਲਤੀ ਭੀ ਖਾ ਰਹੇ ਸਨ ਕਿ ਸਾਰੀ ਦੁਨੀਆਂ ਦੇ ਸੱਤ ਆਕਾਸ਼ ਹਨ ਤੇ ਸੱਤ ਪਾਤਾਲ ਹਨ। ਬੇਅੰਤ ਰਚਨਾ ਬਾਰੇ ਇਹੋ ਜਿਹੇ ਅੰਦਾਜ਼ੇ ਲਾਣੇ ਇੱਕ ਕੋਝਾ ਉੱਦਮ ਹੈ। ਕੀ ਹੈ ਵਿਤ ਇਨਸਾਨ ਦਾ, ਕਿ ਆਪਣੇ ਰਚਨਹਾਰ ਦਾ ਮੁੱਲ ਪਾ ਸਕੇ ?

ਪਰ ਵੇਖੋ ਨਿਰਭੈਤਾ ਗੁਰੂ ਪਾਤਿਸ਼ਾਹ ਦੀ ! ਆਪਣੇ ਵਤਨ ਤੋਂ ਦੂਰ ਹਜ਼ਾਰਾਂ ਮੀਲ ਤੇ ਬੈਠੇ ਹੋਏ ਹਨ। ਸਿਰਫ਼ ਦੋ ਜਿੰਦਾਂ ! ਨਿਡਰਤਾ ਤੇ ਪਿਆਰ ਨਾਲ ਸਮਝਾਈ ਹੋਈ ਸੱਚਾਈ ਅੱਗੇ ਪੀਰ ਦਸਤਗੀਰ ਬਹਿਲੋਲ ਆਦਿਕ ਵਲੀਆਂ ਦੇ ਬਗ਼ਦਾਦ-ਨਿਵਾਸੀ ਮੁਸਲਮਾਨਾਂ ਦਾ ਸਿਰ ਝੁਕ ਗਿਆ। ਸਤਿਗੁਰੂ ਜੀ ਦੇ ਉਹ ਸ਼ਰਧਾਲੂ ਬਣ ਗਏ। ਸਤਿਗੁਰੂ ਜੀ ਦੇ ਉੱਥੇ ਆਗਮਨ ਦੀ ਯਾਦ ਵਿੱਚ ਇਕ *'ਕਤਬਾ'* ਤੁਰਕੀ ਬੋਲੀ ਵਿਚ ਲਾਇਆ ਗਿਆ, ਜੋ ਹੁਣ ਤਕ ਰੇਲਵੇ ਸਟੇਸ਼ਨ ਬਗ਼ਦਾਦ ਤੋਂ ਚੜ੍ਹਦੇ ਪਾਸੇ ਡੇਢ ਮੀਲ ਤੇ ਕਾਇਮ ਹੈ। ਉਸ *'ਕਤਬੇ'* ਦਾ ਪੰਜਾਬੀ ਅਨੁਵਾਦ ਇਉਂ ਹੈ :-

*"ਦੇਖੋ, ਹਜ਼ਰਤ ਪਰਵਰਦਗਾਰ ਬਜ਼ੁਰਗ ਨੇ ਕੇਹੀ ਮੁਰਾਦ ਪੂਰੀ ਕੀਤੀ ਕਿ ਬਾਬੇ ਨਾਨਕ ਦੀ ਤਅਮੀਰ ਨਵੇਂ ਸਿਰੇ ਬਣ ਗਈ। ਸੱਤ ਵੱਡੇ ਵਲੀਆਂ ਨੇ ਇਸ ਵਿੱਚ ਸਹਾਇਤਾ ਕੀਤੀ। ਉਸ ਦੀ ਤਾਰੀਖ ਇਹ ਨਿਕਲੀ ਕਿ ਨੇਕ-ਬਖ਼ਤ ਮੁਰੀਦ ਨੇ ਪਾਣੀ ਲਈ ਜ਼ਮੀਨ ਵਿਚ ਫ਼ੈਜ਼ ਦਾ ਚਸ਼ਮਾ ਜਾਰੀ ਕਰ ਦਿੱਤਾ।"*

ਬਗ਼ਦਾਦ ਦੇ ਖੂਹਾਂ ਦਾ ਪਾਣੀ ਖਾਰਾ ਸੀ। ਗੁਰੂ ਨਾਨਕ ਦੇਵ ਜੀ ਨੇ ਜਿਥੇ ਨਵਾਂ ਖੂਹ ਲਵਾਇਆ ਉਹ ਮਿੱਠਾ ਹੈ। ਇਹ ਖੂਹ *'ਕਤਬੇ'* ਦੇ ਪਾਸ ਹੈ। ਹੁਣ ਭੀ ਸਿਰਫ਼ ਇਸੇ ਦਾ ਪਾਣੀ ਮਿੱਠਾ ਹੈ।

ਮੁਸਲਮਾਨਾਂ ਦੇ ਆਤਮਕ ਜੀਵਨ ਦੇ ਰਸਤੇ ਵਿੱਚ ਜੋ ਰੁਕਾਵਟਾਂ ਆ ਰਹੀਆਂ ਸਨ, ਉਹ ਸਤਿਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਹਾਜ਼ੀਆਂ ਨਾਲ ਮੱਕੇ ਅੱਪੜ ਕੇ ਫਿਰ ਤੋਂ ਮਦੀਨੇ ਬਸਰੇ ਦੇ ਰਸਤੇ ਬਗ਼ਦਾਦ ਪਹੁੰਚ ਕੇ ਨਿਡਰਤਾ, ਨਿਰਭੈਤਾ ਨਾਲ ਅਮਲੀ ਤਰੀਕਾ ਵਰਤ ਕੇ ਸਮਝਾ ਦਿੱਤੀਆਂ। ਇਸੇ ਕੰਮ ਹੀ ਇਤਨੇ ਲੰਮੇ ਪੈਂਡੇ ਮਾਰੇ ਸਨ। ■■■■■

## ਸਿੱਖੀ ਦੀਆਂ ਮੰਜਲਾਂ

(ਮਨਜੀਤ ਕੌਰ)

ਕਹਿੰਦੇ ਸਿੱਖੀ ਦੀਆਂ ਮੰਜਲਾਂ ਬੜੀਆਂ ਨੇ ਦੂਰ,
ਜਿਹੜਾ ਚੱਲੇ ਇਸ ਰਾਹ ਤੇ ਉਹਨੂੰ ਰਹੇ ਨਾ ਗਰੂਰ।
ਦਾਤਾ ਆਪ ਸਹਾਈ ਔਖੀ ਘੜੀ ਵੇਲੇ ਹੋਵੇ,
ਪਾਪ ਜਿੰਦਗੀ ਦੇ ਉਹ ਇੱਕ ਪਲ ਵਿੱਚ ਧੋਵੇ।
ਉਹਦੇ ਨਾਮ ਦੀ ਖੁਮਾਰੀ ਵਾਲਾ ਰਵੇ ਵੇ ਸਰੂਰ,
ਕਹਿੰਦੇ ਸਿੱਖੀ ਦੀਆਂ ਮੰਜਲਾਂ ਬੜੀਆਂ ਨੇ ਦੂਰ।
ਸੁਭਾ ਉੱਠ ਕੇ ਸਵੇਰੇ ਇਸ਼ਨਾਨ ਕਰਨਾ,
ਪੰਜਾਂ ਬਾਣੀਆਂ ਨੂੰ ਰੱਖ ਕੇ ਧਿਆਨ ਪੜ੍ਹਨਾ।
ਜਿਹੜਾ ਨਿਹਚਾ ਨਾਲ ਉਹਦਾ ਨਾਮ ਹੈ ਧਿਆਉਂਦਾ,
ਉਹਦੇ ਮਨ ਵਿਚੋਂ ਹੋਵੇ ਹੰਕਾਰ ਵੀ ਦੂਰ।
ਕਹਿੰਦੇ ਸਿੱਖੀ ਦੀਆਂ ਮੰਜਲਾਂ ਬੜੀਆਂ ਨੇ ਦੂਰ।
ਝੂਠ ਬੋਲੇ ਕਦੇ ਨਾ, ਕਰੇ ਸੱਚ ਨੂੰ ਪਿਆਰ,
ਉਹਦੀ ਹਾਜ਼ਰੀ ਦਰਗਾਹ ਲਾਏ ਦਾਤਾਰ।
ਸਦਾ ਤਨ ਮਨ ਰਵੇ ਦਾਤੇ ਹਜ਼ੂਰ,
ਕਹਿੰਦੇ ਸਿੱਖੀ ਦੀਆ ਮੰਜਲਾਂ ਬੜੀਆਂ ਨੇ ਦੂਰ।
ਦੀਪ ਧਰ ਲੈ ਧਿਆਨ ਤੂੰ ਨਾਮ ਜਪ ਲੈ,
ਲਾਹਾ ਜਿੰਦਗੀ ਦਾ ਲੈ ਲਾ ਤੂੰ ਕੁੱਝ ਖੱਟ ਲੈ।
ਹੋਣਾ ਨਾਮ ਨੇ ਸਹਾਈ ਤੂੰ ਕਰ ਲੈ ਕਮਾਈ।
ਹੈ ਸਿੱਖੀ ਦੀਆਂ ਮੰਜਲਾਂ ਦਾ ਇਹੋ ਦਸਤੂਰ।
ਕਹਿੰਦੇ ਸਿੱਖੀ ਦੀਆ ਮੰਜਲਾਂ ਬੜੀਆਂ ਨੇ ਦੂਰ।

■■■■■


www.AKJ.Org

# ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਢੰਗ

(ਡਾ: ਕੁਲਦੀਪ ਸਿੰਘ ਹਉਰਾ, 162, ਹਾਊਸਿੰਗ ਬੋਰਡ ਕਲੋਨੀ, ਅੰਮ੍ਰਿਤਸਰ।)

ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਢੰਗ ਨਿਰਾਲੇ ਹੋਣ ਦੇ ਬਾਵਜੂਦ ਕੁਦਰਤੀ ਸਨ। ਆਪ ਨੇ ਇਕ ਥਾਂ ਤੇ ਬੈਠ ਕੇ, ਡੇਰਾ ਕਾਇਮ ਕਰਕੇ, ਪੂਜਾ ਕਰਾ ਕੇ ਸੇਵਕਾਂ ਆਦਿ ਰਾਹੀਂ ਲੋਕਾਂ ਨੂੰ ਸੱਦ ਕੇ, ਕਰਾਮਾਤਾਂ ਵਿਖਾ ਕੇ, ਰਿੱਧੀਆਂ, ਸਿੱਧੀਆਂ, ਨਿੱਧੀਆਂ ਦੇ ਡਰ ਤੋਂ ਧਮਕਾ ਕੇ, ਆਪਣੇ ਮਗਰ ਲਗਾ ਕੇ, ਆਪਣੇ ਤੇ ਆਪਣੇ ਪਰਵਾਰ ਲਈ ਜਾਗੀਰਾਂ ਕਾਇਮ ਕਰਨ ਦਾ ਯਤਨ ਨਹੀਂ ਸੀ ਕੀਤਾ। ਸਗੋਂ ਆਪ ਦਾ ਪ੍ਰਚਾਰ ਢੰਗ ਨਾਟਕੀ ਹੁੰਦਾ ਸੀ। ਆਪ ਨੇ ਰਾਜਿਆਂ, ਮਹਾਰਾਜਿਆਂ, ਪਰਜਾ ਦੇ ਅੱਡ ਅੱਡ ਵਰਗਾਂ, ਬ੍ਰਾਹਮਣਾਂ, ਖੱਤਰੀਆਂ, ਜੋਗੀਆਂ, ਜੈਨੀਆਂ, ਮੁਸਲਮਾਨਾਂ, ਫ਼ਕੀਰਾਂ, ਪੀਰਾਂ, ਠੱਗਾਂ, ਰੁਹੇਲਿਆਂ ਪਠਾਣਾਂ, ਕਾਮਰੂਪ ਦੀਆਂ ਨਾਰੀਆਂ, ਦੀਪਾਲਪੁਰ ਦੇ ਕੋਹੜੀ, ਹਮਜ਼ਾ ਗੌਂਸ ਵਰਗੇ ਹੱਠੀ ਫ਼ਕੀਰਾਂ, ਅਜਮੇਰ ਦੇ ਮੁਆਈਨ-ਦੀਨ ਵਰਗੇ ਪਖੰਡੀਆਂ, ਕੌਡੇ ਵਰਗੇ ਰਾਖਸ਼ਾਂ, ਅਚੱਲ ਵਟਾਲੇ ਦੇ ਰਿੱਧੀਆਂ, ਸਿੱਧੀਆਂ ਵਾਲੇ ਜੋਗੀਆਂ ਆਦਿ ਕੋਲ ਆਪ ਪੁੱਜ ਕੇ, ਉਹਨਾਂ ਤਾਈਂ ਆਪਣਾ ਨਜ਼ਰੀਆ ਪਹੁੰਚਾਇਆ ਸੀ। ਉਹ ਆਪ ਹਿੰਦੂਆਂ, ਮੁਸਲਮਾਨਾਂ ਤੇ ਜੋਗੀਆਂ ਦੇ ਟਿਕਾਣਿਆਂ ਉਤੇ ਪੁੱਜੇ। ਕੁਰਕੁਸ਼ੇਤਰ, ਹਰਦੁਆਰ, ਜਗਨਨਾਥ, ਬਨਾਰਸ ਤੇ ਗਯਾ ਦੇ ਮੰਦਰਾਂ ਤੋਂ ਇਲਾਵਾ ਮੱਕਾ, ਮਦੀਨਾ, ਬਗਦਾਦ, ਸੁਮੇਰ ਪਰਬਤ, ਮਾਨ-ਸਰੋਵਰ, ਤਿੱਬਤ ਤੇ ਚੀਨ ਆਦਿ ਥਾਵਾਂ ਤੇ ਜਾ ਕੇ ਆਪ ਨੇ *"ਸੱਤ-ਕਰਤਾਰ"* ਦਾ ਨਾਦ ਗੁੰਜਾਇਆ ਸੀ।

ਜਿਥੇ ਜਿਥੇ ਆਪ ਗਏ, ਬੜੇ ਨਿਰਾਲੇ ਢੰਗ ਨਾਲ, ਨਾਟਕੀ ਢੰਗ ਨਾਲ ਆਪਣੇ ਉਦੇਸ਼ ਪੇਸ਼ ਕੀਤੇ ਅਤੇ ਆਪਣੇ ਮਨੋਰਥ ਵਿਚ ਸਫਲਤਾ ਪ੍ਰਾਪਤ ਕੀਤੀ, ਸਦਾਚਾਰ ਦਾ ਸਾਂਝਾ ਉਪਦੇਸ਼ ਦਿੱਤਾ। ਆਪਣੇ ਆਪਣੇ ਧਾਰਮਿਕ ਚਿੰਨ੍ਹਾਂ ਦੀ ਅਸਲੀਅਤ ਨੂੰ ਪਛਾਣਕੇ, ਉਨ੍ਹਾਂ ਦੇ ਦੱਸੇ ਸਦਾਚਾਰ ਦੇ ਤੁੱਲ ਸਾਬਤ ਹੋਣ ਲਈ ਕਿਹਾ। ਰਿੱਧੀਆਂ ਸਿੱਧੀਆਂ ਤੋਂ ਉੱਚਾ ਉਠਣ ਦੀ ਪ੍ਰੇਰਣਾ ਕੀਤੀ। ਪਖੰਡ ਦੀ ਨਿਖੇਧੀ ਕੀਤੀ। ਪਰਚਲਤ ਮੁਕਤੀ ਦੇ ਸਾਧਨਾਂ, ਤੀਰਥ-ਇਸ਼ਨਾਨ, ਵਰਤ ਪੂਜਾ ਆਦਿ ਦੀ ਅਸਲੀਅਤ ਦੱਸੀ। ਧਾਰਮਕਿ ਗਿਆਨ ਨੂੰ ਉਪਜੀਵਕਾ ਦਾ ਢੰਗ ਬਣਾਉਣ ਦੀ ਕਰੜੀ ਵਿਰੋਧਤਾ ਕੀਤੀ। ਸੂਤਕ, ਜਨੇਊ, ਸ਼ਰਾਧ ਆਦਿ ਰਸਮਾਂ ਦੀ ਨਿਖੇਧੀ ਕੀਤੀ। ਖਾਣ-ਪੀਣ ਦੇ ਭਰਮਾਂ ਭੇਦਾਂ ਨੂੰ ਚੰਗੀ ਤਰ੍ਹਾਂ ਪ੍ਰਗਟਾਇਆ ਅਤੇ ਬੁੱਤ-ਪੂਜਾ ਵਿਰੁੱਧ ਆਪਣੇ ਵਿਚਾਰ ਪੇਸ਼ ਕੀਤੇ। ਆਪ ਜਿਥੇ ਵੀ ਗਏ, ਆਪ ਨੇ ਵਾਦ-ਵਿਵਾਦ, ਝਗੜਾ ਨਹੀਂ ਕੀਤਾ, ਸਗੋਂ ਬੜੇ ਨਾਟਕੀ ਢੰਗ ਨਾਲ ਗਲਤ ਪ੍ਰਚਲਿਤ ਵਿਚਾਰਾਂ ਦੇ ਉਲਟ ਯਤਨ ਕਰਨੇ ਸ਼ੁਰੂ ਕੀਤੇ, ਜਿਨ੍ਹਾਂ ਨੂੰ ਆਪ ਹਾਨੀਕਾਰਕ ਸਮਝਦੇ ਸਨ। ਪਰ ਆਪ ਨੇ ਆਪਣੇ ਵਿਚਾਰ ਜਨਤਾ ਉਤੇ ਠੋਸੇ ਨਹੀਂ, ਸਗੋਂ ਇਸ ਤਰ੍ਹਾਂ ਨਾਲ ਪੇਸ਼ ਕੀਤੇ ਕਿ ਸਰਬ-ਸਾਧਾਰਨ ਨੂੰ ਜਚਣ ਤੇ ਉਹ ਇਹਨਾਂ ਨੂੰ ਅਪਨਾਉਣ। ਜਦੋਂ ਆਪ ਨੂੰ ਜਨੇਊ ਪਾਇਆ ਜਾਣ ਲੱਗਾ ਤਾਂ ਆਪ ਨੇ ਅਖੌਤੀ ਜਨੇਊ ਦੀ ਨਿਖੇਧੀ ਕਰਨ ਦੀ ਬਜਾਏ ਅਜਿਹੇ ਜਨੇਊ ਦੀ ਮੰਗ ਕੀਤੀ ਜੋ ਨਾ ਕਦੇ ਟੁੱਟੇ, ਨਾ ਮੈਲਾ ਹੋਵੇ, ਨਾ ਸੜੇ। ਨਿਸਚੇ ਹੀ ਅਜਿਹੀਆਂ ਖੂਬੀਆਂ ਉਸ ਸੂਤਰ ਦੇ ਜਨੇਊ ਵਿਚ ਨਹੀਂ ਸਨ ਹੋ ਸਕਦੀਆਂ। ਆਪ ਨੇ ਰਸਮੀ ਜਨੇਊ ਦੀ ਥਾਂ ਦਇਆ, ਸੰਤੋਖ, ਜਤੁ ਤੇ ਸਤੁ ਵਾਲੇ ਜਨੇਊ ਦੀ ਮੰਗ ਕੀਤੀ ਜੋ ਕਿ ਅਸਲ 'ਚ ਅਖੌਤੀ ਜਨੇਊ ਪਹਿਨਣ ਤੋਂ ਇਨਕਾਰ ਸੀ। ਪਰ ਇਸ ਤਰ੍ਹਾਂ ਕਰਨ ਨਾਲ ਨਾ ਮਾਪਿਆਂ ਦਾ ਅਪਮਾਨ ਹੋਇਆ, ਨਾ ਜਨੇਊ ਪਹਿਨਣ ਵਾਲਿਆਂ ਦਾ ਹਿਰਦਾ ਦੁਖਿਆ ਤੇ ਪਾਂਡਾ ਆਪਣੇ ਆਪ ਨਿਰੁੱਤਰ ਹੋ ਗਿਆ। ਗੁਰੂ ਸਾਹਿਬ ਨੇ ਆਪਣਾ ਨਜ਼ਰੀਆ ਪੇਸ਼ ਕਰਦਿਆਂ ਕਿਹਾ-

"ਦਇਆ ਕਪਾਹ ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ।।
ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ।।
ਨਾ ਏਹੁ ਤੁਟੈ, ਨ ਮਲੁ ਲਗੈ, ਨਾ ਏਹੁ ਜਲੈ ਨ ਜਾਇ।।
ਧੰਨ ਸੁ ਮਾਣਸ ਨਾਨਕਾ, ਜੋ ਗਲਿ ਚਲੇ ਪਾਇ।।"

(ਸਲੋਕ ਮ: ੧, ਪੰਨਾ ੪੭੧)

ਸੱਚਾ ਸੌਦਾ, ਆਪਣੇ ਆਪ ਵਿੱਚ ਸ਼ਬਦਾਂ ਤੱਕ ਪੱਖ ਤੋਂ ਕਿਤਨਾ ਨਾਟਕੀ ਹੈ। ਲੋੜਵੰਦਾਂ, ਭੁਖਿਆਂ ਤੇ ਨੰਗਿਆਂ ਨੂੰ ਆਪਣੀ ਕਮਾਈ ਵਿਚੋਂ ਪਰਸ਼ਾਦਾ ਤੇ ਬਸਤਰ ਦੇਣ ਨੂੰ *"ਸੱਚਾ ਸੌਦਾ"* ਕਰਨਾ ਕਿਹਾ। ਲੋੜਵੰਦ ਦੀ ਲੋੜ ਨੂੰ ਯਥਾ-ਸ਼ਕਤਿ ਪੂਰਿਆਂ ਕਰਨਾ ਤੇ ਉਸ ਨੂੰ ਸੱਚਾ ਸੌਦਾ ਕਹਿਣਾ ਬੜੀ ਨਰੋਈ ਤੇ ਨਾਟਕੀ ਪਰੀਭਾਸ਼ਾ ਹੈ।

ਸੁਲਤਾਨਪੁਰ ਵਿਚ ਨਵਾਬ ਤੇ ਕਾਜ਼ੀ ਨਾਲ ਨਮਾਜ਼ ਪੜ੍ਹਨ ਜਾਣਾ ਤੇ ਉਹਨਾਂ ਨਾਲ ਨਮਾਜ਼ ਨਾ ਪੜ੍ਹਨ ਤੇ ਦੱਸਣਾ ਕਿ ਇਕ ਅਰਬ ਵਿੱਚ ਘੋੜੇ ਖ੍ਰੀਦ ਰਿਹਾ ਸੀ, ਜਦੋਂ ਕਿ ਦੂਜਾ ਘਰ ਵਿੱਚ ਸੂਈ ਘੋੜੀ ਦੇ ਫ਼ਿਕਰ ਵਿਚ ਸੀ, ਆਪਣੇ ਆਪ 'ਚ ਇੱਕ ਤਕੜਾ


www.AKJ.org

ਵਿਅੰਗ ਹੈ, ਉਹਨਾਂ ਲੋਕਾਂ ਤੇ, ਜੋ ਵਿਖਾਵੇ ਦੀ ਪੂਜਾ ਤੇ ਭਗਤੀ ਕਰਦੇ ਹਨ। ਕਿਤਨੇ ਨਾਟਕੀ ਢੰਗ ਨਾਲ ਆਪ ਨੇ ਵਿਖਾਵੇ ਦਾ ਖੰਡਨ ਕੀਤਾ ਹੈ ਤੇ ਮਨ-ਚਿਤੀ-ਬਿਰਤੀ ਇਕਾਗਰ ਕਰਕੇ ਭਗਤੀ ਕਰਨ ਦਾ ਢੰਗ ਦੱਸਿਆ। ਇਹ ਸੀ ਪ੍ਰਚਾਰ-ਢੰਗ ਗੁਰੂ ਨਾਨਕ ਸਾਹਿਬ ਦਾ।

*"ਨਾਨਕ-ਲਾਲੋ-ਭਾਗੋ"* ਝਾਕੀ ਕਿਵੇਂ ਪੁੰਨ ਦੀ ਕਮਾਈ ਤੇ ਪਾਪ ਦੀ ਕਮਾਈ, ਸੱਚੀ ਕਿਰਤ ਤੇ ਝੂਠੀ ਕਿਰਤ ਦਾ ਅੰਤਰ ਦਰਸਾਉਂਦੀ ਹੈ ਤੇ ਫੇਰ ਸੁੱਚੀ ਕਿਰਤ ਦੀ ਵਡਿਆਈ ਪੇਸ਼ ਕਰਦੀ ਹੈ, ਕਿਵੇਂ ਦੂਸਰਿਆਂ ਦੀ ਕੀਤੀ ਕਮਾਈ ਨੂੰ ਆਪਣੇ ਸੁਆਰਥ ਲਈ ਨਿੱਜੀ ਵਰਤੋਂ ਵਿੱਚ ਲਿਆਉਣਾ *"ਲਹੂ"* ਦੱਸਿਆ ਤੇ ਸਿੱਖ ਧਰਮ ਦੇ ਮੁਢਲੇ ਅਸੂਲਾਂ *"ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ"* ਦਾ ਪ੍ਰਤੀਕ ਭਾਈ ਲਾਲੋ ਨੂੰ ਪੇਸ਼ ਕੀਤਾ। ਇਸ ਢੰਗ ਨਾਲ ਆਮ ਲੋਕਾਂ ਨੂੰ ਗੁਰੂ ਜੀ ਦੀ ਸ਼ਿਖਸ਼ਾ ਵੱਲ ਆਪਣੇ ਆਪ ਪ੍ਰੇਰਤ ਕੀਤਾ।

ਬਾਹਰਲੀ ਪੋਚਾ ਪਾਚੀ ਤੇ ਅੰਦਰਲੀ ਕਰੂਪਤਾ ਦਾ ਖੰਡਨ ਕਰਨ ਲਈ ਆਪ *'ਤੁਲੰਬੇ'* ਜਾ ਪੁੱਜੇ ਤੇ ਸੱਜਣ ਠੱਗ ਦੀ ਕਾਂਇਆਂ ਕਲਪ ਕੀਤੀ ਪਰ ਕਿੰਨੇ ਸੁਹਣੇ ਢੰਗ ਨਾਲ। ਇਹ ਸਭ ਵਡਿਆਈਆਂ ਸੁਹਣੇ ਪ੍ਰੀਤਮ *"ਬਾਬਾ ਨਾਨਕ"* ਦੇ ਹਿੱਸੇ ਹੀ ਆਈਆਂ ਸਨ। *ਕਿਸੇ ਦੇ ਔਗੁਣ ਪ੍ਰਗਟ ਕਰ ਦੇਣੇ ਵਡਿਆਈ ਨਹੀਂ ਹੁੰਦੀ ਸਗੋਂ ਔਗੁਣਾਂ ਤੋਂ ਬਚਾ ਲੈਣਾ ਅਸਲ ਵਡਿਆਈ ਹੁੰਦੀ ਹੈ। "ਜਗਤ-ਜਲੰਦੇ"* ਨੂੰ ਤਾਰਨਾ ਹੀ ਸਭ ਤੋਂ ਵੱਡਾ ਕਰਤਵ ਹੈ। ਕਿਤਨੇ ਨਾਟਕੀ ਢੰਗ ਨਾਲ *"ਸੱਜਣ"* ਸ਼ਬਦ ਦੀ ਪਰੀਭਾਸ਼ਾ ਕੀਤੀ ਹੈ, ਪਰਉਪਕਾਰੀ ਸਤਿਗੁਰੂ ਨੇ।

**"ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ॥**
**ਧੋਤਿਆ ਜੂਠਿ ਨ ਉਤਰੈ, ਜੇ ਸਉ ਧੋਵਾ ਤਿਸੁ॥੧॥**
**ਸਜਣ ਸੇਈ ਨਾਲਿ ਮੈ, ਚਲਦਿਆ ਨਾਲਿ ਚਲੰਨਿ॥**
**ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਿਸੰਨਿ॥੧॥ਰਹਾਉ॥**

(ਸੂਹੀ ਮਹਲਾ ੧, ਪੰਨਾ ੭੨੯)

ਹਰਿਦੁਆਰ ਗੰਗਾ ਵਿੱਚ ਖਲੋ ਕੇ, ਕਰਤਾਰਪੁਰ ਵੱਲ ਪਾਣੀ ਸੁੱਟਣਾ, ਲੋਕਾਂ ਨੂੰ ਇਹ ਦੱਸਣ ਦਾ ਯਤਨ ਸੀ ਕਿ ਕਰੋੜਾਂ ਮੀਲਾਂ ਤੇ ਵੱਸਦੇ ਤੁਹਾਡੇ ਅਖੌਤੀ ਪਿੱਤਰਾਂ ਨੂੰ ਇਹ ਪਾਣੀ ਨਹੀਂ ਪੁੱਜ ਸਕਦਾ। ਗੁਰੂ ਸਾਹਿਬ ਜੇ ਗੱਲੀਂ ਬਾਤੀਂ ਇਹ ਸੋਝੀ ਦੇਣ ਦੀ ਕੋਸ਼ਿਸ਼ ਕਰਦੇ ਤਾਂ ਸ਼ਾਇਦ ਲੋਕਾਂ ਨੂੰ ਇਸ ਗਲਤੀ ਦਾ ਅਹਿਸਾਸ ਨਾ ਹੁੰਦਾ, ਪਰ ਆਪ ਦਾ ਉਲਟ ਪਾਸੇ ਪਾਣੀ ਸੁੱਟਣਾ, ਲੋਕਾਂ ਦਾ ਧਿਆਨ ਆਪਣੇ ਵੱਲ ਕਰਕੇ ਉਨ੍ਹਾਂ ਨੂੰ ਆਪਣਾ ਨੁਕਤਾ ਸਮਝਾਉਣਾ ਇਕ ਅਨੋਖਾ ਤੇ ਨਾਟਕੀ ਢੰਗ ਸੀ। ਇਹੋ ਨਾਟਕੀ ਢੰਗ ਹੀ ਆਪ ਦੇ ਪ੍ਰਚਾਰ ਦਾ ਕੇਂਦਰ ਬਿੰਦੂ ਸੀ।

ਗੋਰਖ-ਮਤੇ ਦੇ ਜੋਗੀਆਂ ਨੂੰ ਅਸਲੀ ਜੋਗੀ ਦੇ ਲੱਛਣ ਦਸਦਿਆਂ ਚਿਤਾਵਨੀ ਦਿੱਤੀ ਕਿ ਜੋਗ ਨਿਰਾ ਭੇਖ ਧਾਰਿਆਂ ਹੀ ਨਹੀਂ ਹੁੰਦਾ, ਸਗੋਂ ਕੰਵਲ ਵਾਂਗ ਪਾਣੀ ਵਿੱਚ ਰਹਿੰਦਿਆਂ ਹੋਇਆਂ ਵੀ ਪਾਣੀ 'ਚ ਅਲੇਪ ਰਹਿ ਕੇ, ਮਨੁੱਖ ਨੂੰ ਸੰਸਾਰ ਵਿੱਚ ਵਿਚਰਨਾ ਚਾਹੀਦਾ ਹੈ। ਇਉਂ ਮਾਇਆ ਦੇ ਮਾਰੂ-ਹੱਲਿਆਂ ਤੋਂ ਬਚਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੁਕਤੀ ਪ੍ਰਾਪਤ ਕਰਨ ਵਾਸਤੇ ਸੰਸਾਰ ਦਾ ਤਿਆਗ ਕਰਨ ਦੀ ਲੋੜ ਨਹੀਂ। ਸਗਲ ਸੰਸਾਰ ਨੂੰ ਇਕ ਦ੍ਰਿਸ਼ਟੀ ਰਾਹੀਂ ਵੇਖਿਆਂ ਭਾਵ ਸਮਸਰਿ ਜਾਣਿਆਂ ਹੀ ਅਸਲੀ ਜੋਗੀ ਹੋਇਆ ਜਾ ਸਕਦਾ ਹੈ-

'ਅੰਜਨ ਮਾਹਿ ਨਿਰੰਜਨਿ ਰਹੀਐ,
ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ,
ਜੋਗੀ ਕਹੀਐ ਸੋਈ॥੧॥ਰਹਾਉ॥

(ਸੂਹੀ ਮਹਲਾ ੧, ਪੰਨਾ ੭੩੦)

ਬੁੱਧ ਮੰਦਰ ਵਿੱਚ ਗਿਆਂ ਆਪ ਨੂੰ ਆਪ ਦਾ ਧਰਮ ਪੁਛਿਆ ਗਿਆ। ਇਹ ਵੀ ਕਿਹਾ ਗਿਆ ਕਿ ਜੇਕਰ ਹਿੰਦੂ ਹੋ ਤਾਂ ਤੀਰਥ-ਪਰਸਣ ਤੋਂ ਪਹਿਲਾਂ ਪਿੰਡ ਭਰਾਉ ਪਰ ਗੁਰੂ ਸਾਹਿਬ ਨੇ ਐਸੀਆਂ ਰਸਮਾਂ ਦਾ ਖੰਡਨ ਕਰਦਿਆਂ ਹੋਇਆਂ, ਜੋ ਉੱਤਰ ਪਾਂਡਿਆਂ ਨੂੰ ਦਿੱਤਾ ਉਹ ਆਪ ਦੀ ਸਿੱਖਿਆ ਤੇ ਪ੍ਰਚਾਰ ਦਾ ਨਿਚੋੜ ਹੈ। ਆਪ ਨੇ *"ਸੱਚੇ ਨ੍ਹਾਵਣ"* ਦਾ ਢੰਗ ਇਉਂ ਦਸਿਆ-

"ਪਿੰਡੁ ਪਤਲਿ ਮੇਰੀ ਕੇਸਉ,
ਕਿਰਿਆ ਸਚੁ ਨਾਮੁ ਕਰਤਾਰ॥
ਐਥੈ ਓਥੈ ਆਗੈ ਪਾਛੈ
ਏਹੁ ਮੇਰਾ ਆਧਾਰੁ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ
ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ
ਜਾਂ ਅਹਿਨਿਸਿ ਲਾਗੈ ਭਾਉ॥੩॥"

(ਆਸਾ ਮਹਲਾ ੧, ਪੰਨਾ ੩੫੮)

ਆਪਣੇ ਸਿੱਖਾਂ ਨੂੰ ਜਾਦੂ ਟੂਣਿਆਂ ਵਿੱਚ ਵਿਸ਼ਵਾਸ ਨਾ ਰਖਣਾ ਸਮਝਾਉਣ ਲਈ ਉਪਦੇਸ਼ ਦੇਣ ਲਈ, ਆਪ ਨੇ *"ਕਾਮਰੂਪ"* ਦੀ ਧਰਤੀ ਚੁਣੀ ਤੇ ਮਰਦਾਨੇ ਨੂੰ *"ਨੂਰਸ਼ਾਹ"* ਜਾਦੂਗਰਨੀ ਦੇ ਹਵਾਲੇ ਹੋਣ



www.AKJ.Org

ਦਾ ਮੌਕਾ ਪੈਦਾ ਕਰ ਦਿੱਤਾ। ਜਦੋਂ ਸੂਰਤ ਦੀ ਸੁਹਣੀ ਤੇ ਮਨ ਦੀ ਖੋਟੀ, ਨੂਰਸ਼ਾਹ ਨਾਂ ਦੀ ਤੀਵੀਂ ਪਿੱਛੇ ਮਰਦਾਨਾ ਲੇਲੇ ਵਾਂਗ ਜਾ ਤੁਰਿਆਂ, ਤਾਂ ਬਾਬਾ ਨਾਨਕ ਜੀ ਨੇ ਪ੍ਰੀਤਮ ਰਿਝਾਉਣ ਦਾ ਢੰਗ ਦੱਸਿਆ, ਜੋ ਨੂਰਸ਼ਾਹ ਰਾਹੀਂ ਸਭ ਅਕਸੀਰ ਸਿੱਧ ਹੋਇਆ। ਫੁਰਮਾਨ ਹੈ-

"ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ।। ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣਿ ਜਾਇ।।੧।। ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ।।

ਜਗਨ ਨਾਥ ਪੁਰੀ ਵਿਖੇ ਜਾ ਕੇ ਪਾਂਡਿਆਂ ਨੂੰ ਸੁਝਾ ਦਿੱਤਾ ਕਿ ਬਨਾਵਟੀ ਆਰਤੀ ਪ੍ਰਭੂ ਨੂੰ ਰੀਝਾਉਣ ਦਾ ਸਾਧਨ ਹਰਗਿਜ਼ ਨਹੀਂ, ਸਗੋਂ *ਪ੍ਰਕਿਰਤਕ* ਆਰਤੀ ਹੀ ਉਸ ਭਵ-ਖੰਡਨ ਦੀ ਅਸਲੀ ਆਰਤੀ ਹੈ। ਤਥਾ-

"ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।। ਧੂਪੁ ਮਲਆਨਲੋ, ਪਵਣ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।੧।। ਕੈਸੀ ਆਰਤੀ ਹੋਇ।। ਭਵ ਖੰਡਨਾ ਤੇਰੀ ਆਰਤੀ" ਅਨਹਤਾ ਸਬਦ ਵਾਜੰਤ ਭੇਰੀ।। (ਧਨਾਸਰੀ ਮਹਲਾ ੧, ਪੰਨਾਂ ੧੩)

ਗੁਰੂ ਨਾਨਕ ਸਾਹਿਬ ਦਾ ਮਨੁੱਖਤਾ ਪ੍ਰਤੀ ਦਰਦ ਉਦੋਂ ਸਿਖਰਾਂ ਉਤੇ ਪੁਜਿਆ ਨਜ਼ਰ ਆਉਂਦਾ ਹੈ, ਜਦੋਂ ਆਪ ਦੀਪਾਲਪੁਰ ਦੇ ਕੋਹੜੀ ਦੀ ਝੁਗੀ ਵਿੱਚ, ਜਾਣ-ਬੁੱਝ ਕੇ ਰਾਤ ਗੁਜਾਰਨ ਲਈ ਚਲੇ ਜਾਂਦੇ ਹਨ। ਲੋਕਾਂ ਨੂੰ ਹੈਰਾਨੀ ਹੋਈ ਕਿ ਕਿਸ ਤਰ੍ਹਾਂ ਗੁਰੂ ਜੀ ਉਸ ਕੋਹੜੀ ਪਾਸ ਰਾਤ ਬਿਤਾਉਣ ਲਈ ਚਲੇ ਗਏ, ਜਿਸ ਦੇ ਨੇੜੇ ਤਾਂ ਉਸ ਦੇ ਸੱਕੇ ਰਿਸ਼ਤੇਦਾਰ ਵੀ ਨਹੀਂ ਸਨ ਜਾਂਦੇ। ਪਰ ਗੁਰੂ ਜੀ ਨੇ ਤਾਂ ਇਹ ਦੱਸਣਾ ਸੀ ਕਿ ਸਰੀਰਕ ਰੋਗ ਦੇ ਕੋਹੜੀ ਨਾਲੋਂ ਉਹ ਵਡੇਰਾ ਰੋਗੀ ਹੈ, ਜਿਸ ਨੂੰ ਬਾਣੀ ਵਿਸਰ ਜਾਵੇ।

ਆਪ ਨੇ ਜੋ ਪ੍ਰੇਰਨਾ ਲੋਕਾਂ ਨੂੰ ਦਿੱਤੀ, ਉਹ ਹੈਰਾਨੀ ਜਨਕ ਝਾਕੀ ਪੇਸ਼ ਕਰਦੀ ਹੈ। ਆਪ ਦਾ ਕਥਨ ਹੈ-

"ਜੀਉ ਤਪਤੁ ਹੈ ਬਾਰੋ ਬਾਰ।।
ਤਪਿ ਤਪਿ ਖਪੈ ਬਹੁਤੁ ਬੇਕਾਰ।।
ਜੈ ਤਨਿ ਬਾਣੀ ਵਿਸਰਿ ਜਾਇ।।
ਜਿਉ ਪਕਾ ਰੋਗੀ ਵਿਲਲਾਇ।।੧।।" (ਪੰਨਾ ੬੬੧)

ਗੁਰੂ ਸਾਹਿਬ ਐਸੇ ਆਗੂ ਸਨ, ਜਿਨ੍ਹਾਂ ਅੰਦਰ ਇਤਨੀ ਦਲੇਰੀ, ਨਿਡਰਤਾ ਤੇ ਨਿਰਭੈਤਾ ਸੀ ਕਿ ਉਹ ਸਮਕਾਲੀ ਰਾਜਿਆਂ ਨੂੰ ਸ਼ੀਂਹ ਤੇ ਕਸਾਈ ਕਹਿਣ ਦੀ ਜੁਅਰਤ ਰੱਖਦੇ ਸਨ-

"ਰਾਜੇ ਸੀਹ ਮੁਕਦਮ ਕੁਤੇ।।" (ਪੰਨਾਂ ੧੨੮੮)
(ਅਤੇ) "ਲਬ ਪਾਪੁ ਦੁਇ ਰਾਜਾ
ਮਹਤਾ ਕੂੜੁ ਹੋਆ ਸਿਕਦਾਰ।।
ਕਾਮੁ ਨੇਬੁ ਸਦਿ ਪੁਛੀਐ
ਬਹਿ ਬਹਿ ਕਰੇ ਬੀਚਾਰੁ।।"
(ਆਸਾ ਦੀ ਵਾਰ, ਪੰਨਾ ੪੬੮)

ਆਪ ਦੀ ਨਿਰਭੈਤਾ ਦਾ ਪ੍ਰਗਟਾਵਾ *"ਬਾਬਰਵਾਣੀ"* ਵਿੱਚ ਪ੍ਰਤੱਖ ਹੈ,ਜਿਥੇ ਆਪ ਨੇ ਬਾਬਰ ਦੀ ਫੌਜ ਨੂੰ *"ਪਾਪ ਕੀ ਜੰਞ"* ਨਾਲ ਤੁਲਨਾ ਦੇਂਦਿਆਂ ਫੁਰਮਾਇਆ ਹੈ-

"ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ।।
(ਤਿਲੰਗ ਮ: ੧, ਪੰਨਾ ੭੨੨)

ਬਾਬਰ ਦੇ ਹੱਲੇ ਦੇ ਸੰਬੰਧ 'ਚ ਆਪ ਨੇ *"ਖੂਨ ਦੇ ਸੋਹਿਲੇ"* ਗਾਏ ਤੇ ਦੇਸ਼-ਵਾਸੀਆਂ ਅੰਦਰ ਦੇਸ਼ ਪਿਆਰ ਦਾ ਜਜ਼ਬਾ ਉਜਾਗਰ ਕੀਤਾ ਤੇ ਵਿਅੰਗਮਈ ਢੰਗ ਨਾਲ ਆਪਣੇ ਪਿਆਰੇ ਪ੍ਰਭੂ ਨੂੰ ਵੀ ਪਿਆਰ-ਉਲਾਂਭਾ ਦੇਣ ਤੋਂ ਨਾਂ ਝਿਜਕੇ। ਆਪ ਨੇ ਕਿਹਾ-

"ਆਪੇ ਦੋਸੁ ਨ ਦੇਈ ਕਰਤਾ,
ਜਮੁ ਕਰਿ ਮੁਗਲੁ ਚੜਾਇਆ।।
ਏਤੀ ਮਾਰ ਪਈ ਕੁਰਲਾਣੇ,
ਤੈਂ ਕੀ ਦਰਦੁ ਨ ਆਇਆ।।੧।।
(ਆਸਾ ਮਹਲਾ ੧, ਪੰਨਾ ੩੬੦)

ਐਸਾ ਕੁਝ ਕਹਿਣ ਵਿੱਚ ਆਪ ਨੇ ਆਪਣੀ ਕੋਈ ਵਡਿਆਈ ਪਰਗਟ ਨਹੀਂ ਕੀਤੀ, ਸਗੋਂ ਕਿਹਾ-

"ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ।।
(ਪੰਨਾ ੭੨੨)

ਸਿਆਲਕੋਟ ਵਿੱਚ ਨਿਮ੍ਰਤਾ ਦੇ ਪੁੰਜ ਬਾਬਾ ਨਾਨਕ ਜੀ ਨੇ ਬੜੇ ਨਾਟਕੀ ਢੰਗ ਨਾਲ ਹਮਜ਼ਾ ਗੌਂਸ ਦਾ ਹੰਕਾਰ ਤੋੜਿਆ ਤੇ ਮੀਆਂ ਮਿੱਠੇ ਦਾ ਕਿਬਰ ਦੂਰ ਕਰਕੇ ਉਸ ਨੂੰ ਸਮੁੱਤ ਬਖਸ਼ੀ ਅਤੇ ਅਜਮੇਰ 'ਚ ਮੁਆਈਨ-ਦੀਨ ਦੇ ਪਖੰਡ ਦਾ ਖੰਡਨ ਕੀਤਾ।

ਇਹ ਸਭ ਕੁਝ ਗੁਰੂ ਸਾਹਿਬ ਨੇ ਕੁਝ ਕੁ ਵਿਅਕਤੀਆਂ ਵਾਸਤੇ ਨਹੀਂ ਸੀ ਕੀਤਾ ਸਗੋਂ ਇਹੁ ਆਪ ਦਾ ਪ੍ਰਚਾਰ-ਢੰਗ ਸੀ, ਜਿਸ ਰਾਹੀਂ ਆਪ ਨੇ ਤੱਪਦੀ-ਸੜਦੀ ਲੋਕਾਈ ਨੂੰ ਸ਼ਾਂਤੀ ਪ੍ਰਾਪਤ ਕਰਨ ਦਾ ਢੰਗ ਦਸਿਆ।

ਪੁਸ਼ਕਰ ਰਾਜ ਵਿੱਚ ਜੈਨ ਧਰਮ ਦੇ ਸਾਧਾਂ (ਜੈਨੀਆਂ) ਨਾਲ ਆਪ ਦਾ ਮੇਲ ਹੋਇਆ ਤਾਂ ਆਪ ਨੇ ਉਹਨਾਂ ਦੀ ਰਹਿਣੀ-ਬਹਿਣੀ ਦੀ ਕਰੜੀ ਆਲੋਚਨਾ ਕਰਦਿਆਂ ਹੋਇਆ ਕਿਹਾ-

"ਨਾ ਓਇ ਜੋਗੀ ਨਾ ਓਇ ਜੰਗਮ


www.AKJ.Org

ਨਾ ਓਇ ਕਾਜੀ ਮੁੱਲਾ।।
ਦਯਿ ਵਿਗੋਏ ਫਿਰਹਿ ਵਿਗੁਤੇ,
ਫਿਟਾ ਵਤੈ ਗਲਾ।।"---
"ਦਾਨਹੁ ਤੈ ਇਸਨਾਨਹੁ ਵੰਜੇ,
ਭਸੁ ਪਈ ਸਿਰਿ ਖੁਥੈ।।
ਨਾਨਕ ਸਿਰ ਖੁਥੇ ਸੈਤਾਨੀ
ਏਨਾ ਗਲ ਨ ਭਾਣੀ।।"

(ਵਾਰ ਮਾਝ ਮਹਲਾ ੧, ਪੰਨਾ ੧੪੯)

ਇਸ ਦਾ ਇਹ ਭਾਵ ਨਹੀਂ ਕਿ ਇਹ ਕੇਵਲ ਜੈਨੀਆਂ, ਸਰੇਵੜਿਆਂ ਤੇ ਹੋਰ ਭੇਖ-ਧਾਰੀਆਂ ਵਾਸਤੇ ਹੀ ਹੈ, ਸਗੋਂ ਇਸ ਦੁਆਰਾ ਆਪ ਨੇ ਆਪਣੇ ਨਾਮ-ਲੇਵਾ ਲੋਕਾਂ ਨੂੰ ਵੀ ਸੁਚੇਤ ਕੀਤਾ ਹੈ ਕਿ ਕੋਈ ਵੀ ਵਿਖਾਵਾ ਤੇ ਪਾਖੰਡ ਮਨੁੱਖ ਨੂੰ ਰੱਬੀ-ਦਰ ਦੇ ਨੇੜੇ ਜਾਣ ਤੋਂ ਰੋਕਦਾ ਹੈ, ਬਾਧਕ ਬਣਦਾ ਹੈ। ਆਪ ਦੇ ਪ੍ਰਚਾਰ ਦਾ ਇਹ ਵਿਸ਼ੇਸ਼ ਢੰਗ ਸੀ ਕਿ ਕਿਸੇ ਵਿਅਕਤੀ, ਕਿਸੇ ਸੰਪ੍ਰਦਾਇ, ਕਿਸੇ ਕੌਮ, ਕਿਸੇ ਧਰਮ ਦੇ ਕਿਸੇ ਵਿਅਕਤੀ ਦੁਆਰਾ ਸਮੁੱਚੀ ਮਨੁੱਖਤਾ, ਸਮੁੱਚੇ ਸਮਾਜ, ਸਮੁੱਚੇ ਦੇਸ਼ ਤੇ ਸਮੁੱਚੇ ਸੰਸਾਰ ਲਈ ਕਲਿਆਣਕਾਰੀ ਗਾਡੀ-ਰਾਹ ਦਰਸਾਉਣਾ। ਆਪ ਜੀ ਦਾ ਕਥਨ ਹੈ-

"ਗਿਆਨੁ ਨ ਗਲੀਈ ਢੂਢੀਐ,
ਕਥਨਾ ਕਰੜਾ ਸਾਰੁ।।
ਕਰਮਿ ਮਿਲੈ ਤਾ ਪਾਈਐ
ਹੋਰ ਹਿਕਮਤਿ ਹੁਕਮੁ ਖੁਆਰ।।੨।।"

(ਆਸਾ ਕੀ ਵਾਰ, ਪੰਨਾ ੪੬੫)

ਗੁਰੂ ਸਾਹਿਬ ਦੇ ਸਾਹਮਣੇ ਮਨੋਰਥ ਮਨੁੱਖ-ਮਾਤਰ ਨੂੰ ਨਿਰੰਕਾਰ ਦਾ ਸੰਦੇਸ਼ ਦੇਣਾ ਸੀ। ਇਸੇ ਮਨੋਰਥ ਦੀ ਪੂਰਤੀ ਲਈ ਜਦੋਂ ਆਪ ਮੱਕੇ ਗਏ ਤਾਂ ਕਾਜੀ ਰੁਕਨਦੀਨ ਨੇ ਆਪ ਨੂੰ ਪੁਛਿਆ, *"ਹਿੰਦੂ ਵੱਡਾ ਹੈ ਕਿ ਮੁਸਲਮਾਨ ?"* ਆਪ ਦਾ ਉੱਤਰ ਸੀ *"ਜਿਹੜਾ ਨੇਕ ਸੋ ਵੱਡਾ"।* ਦੂਸਰਾ ਪ੍ਰਸ਼ਨ ਸੀ *"ਤੁਸੀਂ ਕੌਣ ਹੋ ?"* ਆਪ ਦਾ ਉੱਤਰ ਸੀ *"ਪੰਜ ਤੱਤ ਕਾ ਪੁਤਲਾ ਨਾਨਕ ਮੇਰਾ ਨਾਮ"।* ਉੱਥੇ ਆਪ ਨੇ ਬੜੇ ਹੀ ਨਾਟਕੀ ਢੰਗ ਨਾਲ ਲੋਕਾਂ ਨੂੰ ਇਹ ਸੁਝਾ ਦਿੱਤਾ *"ਰੱਬ ਕਿਸੇ ਇੱਕ ਨੁਕਰੇ, ਖੁੰਜੇ ਜਾਂ ਇਕ ਦਿਸ਼ਾ ਵਿੱਚ ਹੀ ਨਹੀਂ, ਸਗੋਂ ਉਹ ਤਾਂ ਕਣ ਕਣ ਅੰਦਰ ਰਮਿਆ ਹੋਇਆ ਹੈ।"*

ਬਗਦਾਦ ਵਿੱਚ ਗੁਰੂ ਨਾਨਕ ਸਾਹਿਬ ਦੀ ਪੀਰ ਦਸਤਗੀਰ ਨਾਲ ਗੋਸ਼ਟਿ ਹੋਈ। ਜਿਸ ਵਿਗਿਆਨਕ ਸੱਚਾਈ ਨੂੰ ਮਹਾਨ ਵਿਗਿਆਨੀਆਂ ਨੇ ਲੋਕਾਂ ਦੇ ਸਾਹਮਣੇ ਅੱਜ ਲਿਆਂਦਾ ਹੈ, ਉਸ ਨੂੰ *"ਆਦਿਗੁਰੂ"* ਨੇ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸਾਬਤ ਕਰ ਦਿੱਤਾ ਸੀ। ਚੌਦਾਂ ਤਬਕ ਮੰਨਣ ਵਾਲਿਆਂ ਦਾ ਨਿਰਣਾ ਕਰਾਉਣ ਲਈ ਪੀਰ ਦੇ ਲੜਕੇ ਨੂੰ ਨਾਲ ਲੈ ਕੇ "ਭਰਿ ਕਚਕੌਲ ਪ੍ਰਸਾਦਿ ਦਾ, ਧੁਰੋਂ ਪਤਾਲੋਂ ਲਈ ਕੜਾਹੀ।। ਜ਼ਾਹਰ ਕਲਾ ਨਾ ਛਪੈ ਛਪਾਈ।।੩੬।।"

(ਵਾਰ ਭਾਈ ਗੁਰਦਾਸ ੧/੩੬)

ਆਪ ਨੇ ਸਭ ਦਾ ਭਰਮ ਦੂਰ ਕਰਕੇ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।।" (ਪੰਨਾ ੫) ਦਾ ਸਿਧਾਂਤ ਇੰਨੇ ਸੌਖੇ ਤੇ ਸਰਲ ਢੰਗ ਨਾਲ ਸਮਝਾਇਆ ਕਿ ਸੰਸਾਰ ਚਕਰਿਤ ਰਹਿ ਗਿਆ। ਇਤਨੀ ਸਹਿਨਸ਼ੀਲਤਾ, ਨਿਮਰਤਾ, ਸੰਜੀਦਗੀ ਤੇ ਟਿਕਾਉ ਸ਼ਾਇਦ ਹੀ ਸੰਸਾਰ ਦੇ ਕਿਸੇ ਮਹਾਂਪੁਰਸ਼ ਦੇ ਹਿੱਸੇ ਆਇਆ ਹੋਵੇ, ਜਿੰਨਾ ਗੁਰੂ ਨਾਨਕ ਸਾਹਿਬ ਦੇ। ਇਸ ਦਾ ਸਬੂਤ ਵਲੀ ਕੰਧਾਰੀ ਦੇ ਕਰਮ ਤੇ ਗੁਰੂ ਸਾਹਿਬ ਦੇ ਪ੍ਰਤੀ ਕਰਮ ਤੋਂ ਸਹਿਜੇ ਹੀ ਮਿਲ ਜਾਂਦਾ ਹੈ। ਇਸ ਤੋਂ ਆਪ ਦੇ ਨਿਮਰ-ਸੁਭਾਅ ਦਾ ਪਤਾ ਤਾਂ ਲੱਗਦਾ ਹੀ ਹੈ ਪਰ ਅਸਲੀ ਗੱਲ ਹੈ, ਆਪ ਦਾ ਲੋਕਾਈ ਨੂੰ ਇਹ ਪੈਗਾਮ ਦੇਣਾ। ਜੇਕਰ ਅੱਜ ਮਨੁੱਖਤਾ ਗੁਰੂ ਸਾਹਿਬ ਦੇ ਸੰਦੇਸ਼ ਨੂੰ ਸਮਝ ਲਵੇ, ਅਪਨਾ ਲਵੇ, ਇਸ ਉੱਤੇ ਅਮਲ ਕਰੇ ਤਾਂ ਸੰਸਾਰ ਤੋਂ ਜੰਗ ਦਾ ਖਾਤਮਾ ਹੋ ਜਾਵੇ, ਅਮਨ ਦਾ ਰਾਜ ਹੋਵੇ, ਮਨੁੱਖਤਾ ਈਰਖਾ, ਸਾੜੇ ਤੇ ਉਤੇਜਨਾ ਤੋਂ ਬਚ ਜਾਵੇ। ਗੁਰੂ ਨਾਨਕ ਸਾਹਿਬ ਨੇ ਜੋ ਨਿਸ਼ਾਨਾ ਆਪਣੇ ਪ੍ਰਚਾਰ ਦੁਆਰਾ ਸਾਡੇ ਸਾਹਮਣੇ ਰੱਖਿਆ, ਅਸੀਂ ਉਸਨੂੰ ਭੁਲਾਕੇ ਆਪਣੀ ਮੱਤ ਨੂੰ ਵੱਡੀ ਸਮਝ ਲਿਆ। ਨਤੀਜਾ ਸਾਡੇ ਸਾਹਮਣੇ ਹੈ। ਭਰਾ ਭਰਾ ਦਾ ਵੈਰੀ ਹੈ, ਕੌਮ ਕੌਮ ਦੀ ਦੋਖੀ ਹੈ, ਦੇਸ਼ ਦੇਸ਼ ਦਾ ਸ਼ਤਰੂ ਹੈ।

ਗੁਰੂ ਨਾਨਕ ਸਾਹਿਬ ਨੇ ਛੂਤ-ਛਾਤ, ਉੱਚੀ ਜਾਤ ਦੇ ਅਭਿਮਾਨ ਦੇ ਵਿਰੁੱਧ ਪ੍ਰਚਾਰ ਕੀਤਾ। ਲੋਕਾਂ ਨੂੰ ਸਮਝਾਇਆ ਕਿ ਭਾਵਾਤਮਕ-ਏਕਤਾ, ਪਰਸਪਰ-ਬਰਾਬਰੀ ਕਾਇਮ ਕਰੋ। ਵਿਤਕਰਾ ਭਾਵ ਛੱਡੋ। ਧਰਮ ਦਾ ਦੰਭ ਤੇ ਪਾਖੰਡ ਨਾਲ ਕੋਈ ਸੰਬੰਧ ਨਹੀਂ। ਅੱਲਾ ਤੇ ਅਕਾਲ, ਰਾਮ ਤੇ ਰਹੀਮ ਇਕੋ ਹੀ ਮਹਾਨ ਹਸਤੀ ਦੇ ਨਾਮ ਹਨ। ਆਪ ਜੋ ਕਹਿੰਦੇ ਸਨ ਉਹ ਹੀ ਕਰਦੇ ਸਨ। ਆਪ ਦਾ ਉਪਦੇਸ਼ ਕਥਨੀ-ਕਰਨੀ ਦੋਹਾਂ ਤੇ ਪੂਰਾ ਉੱਤਰਦਾ ਹੈ।

ਅਚਲ ਵਟਾਲੇ ਵਿਖੇ ਸਿੱਧਾਂ ਨੇ ਗੁਰੂ ਜੀ ਨੂੰ ਆਪਣੇ ਭੇਖ ਵਿੱਚ ਲੈਣ ਵਾਸਤੇ ਕਰਾਮਾਤਾਂ ਵਿਖਾਈਆਂ। ਕੋਈ ਸ਼ੇਰ ਬਣ ਗਿਆ, ਕੋਈ ਨਾਗ, ਕੋਈ ਮੂੰਹ 'ਚੋਂ ਅੱਗ ਕੱਢਣ ਲੱਗਾ। ਭੰਗਰਨਾਥ ਨੇ ਤਾਰੇ ਤੋੜੇ, ਕਿਸੇ ਨੇ ਮਿਰਗਾਨੀ ਤੇ ਆਸਣ


www.AKJ.Org

ਜਮਾਇਆ ਪਰ ਅਗੋਂ ਗੁਰੂ ਸਾਹਿਬ ਨੇ ਇਸ ਹੋਛੇਪਣ ਦਾ ਟਾਕਰਾ ਹੋਛੇਪਨ ਨਾਲ ਨਾ ਕਰਦਿਆਂ ਹੋਇਆਂ 'ਸਤਿਨਾਮ' ਦੀ ਵਡਿਆਈ ਦਸਦਿਆਂ ਜੋਗੀਆਂ ਨੂੰ ਇਉਂ ਉਪਦੇਸ਼ਿਆ-

"ਏਵਡੁ ਵਧਾ ਮਾਵਾ ਨਾਹੀ,
ਸਭਸੈ ਨਥਿ ਚਲਾਈ॥
ਏਤਾ ਤਾਣੁ ਹੋਵੈ ਮਨ ਅੰਦਰਿ,
ਕਰਿ ਭਿ ਆਖਿ ਕਰਾਈ॥
ਜੇਵਡੁ ਸਾਹਿਬੁ ਤੇਵਡ ਦਾਤੀ,
ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ,
ਸਚਿ ਨਾਮਿ ਵਡਿਆਈ॥੧॥"

(ਵਾਰ ਮਾਝ ਮਹਲਾ ੧, ਪੰਨਾ ੧੪੭)

ਜਦੋਂ ਗੁਰੂ ਸਾਹਿਬ ਮੁਲਤਾਨ ਗਏ ਤਾਂ ਉਥੇ ਪਹਿਲਾਂ ਹੀ ਬੜੇ ਦਰਵੇਸ਼ ਸਨ। ਉਹਨਾਂ ਨੂੰ ਗੁਰੂ ਜੀ ਦਾ ਆਉਣਾ ਆਪਣੇ ਹਿੱਤਾਂ ਦੇ ਪ੍ਰਤੀਕੂਲ ਲੱਗਾ ਤਾਂ ਉਹਨਾਂ ਦੁੱਧ ਦਾ ਛੰਨਾ ਭਰ ਕੇ ਭੇਜ ਦਿੱਤਾ। ਨਾਟਕੀ ਢੰਗ ਦੇ ਪ੍ਰਤੀਕ-ਕਲਾਕਾਰ ਗੁਰੂ ਜੀ ਨੇ ਦੁੱਧ 'ਤੇ ਇਕ ਚੰਬੇਲੀ ਦਾ ਫੁੱਲ ਰੱਖ ਕੇ ਉਹਨਾਂ ਦੇ ਪ੍ਰਸ਼ਨ ਦਾ ਉੱਤਰ ਦੇ ਦਿੱਤਾ। ਭਾਈ ਗੁਰਦਾਸ ਜੀ ਨੇ ਇਸ ਝਾਕੀ ਨੂੰ ਇਉਂ ਬਿਆਨ ਕੀਤਾ ਹੈ, **"ਬਾਬੇ ਕਢਿ ਕਰਿ ਬਗਲ ਤੇ, ਚੰਬੇਲੀ ਦੁੱਧ ਵਿੱਚ ਮਿਲਾਈ॥ ਜਿਉ ਸਾਗਰ ਵਿੱਚ ਗੰਗ ਸਮਾਈ॥"** (ਵਾਰ ੧, ਪਉੜੀ ੪੪) ਵਾਪਸ ਕਰਤਾਰਪੁਰ ਆਏ ਤਾਂ ਲਹਿਣਾ ਜੀ ਨਾਲ ਮੇਲ ਹੋਇਆ ਤੇ ਬਾਬਾ ਜੀ ਨੇ ਕਿਹਾ *"ਜੇ ਤੂੰ ਲਹਿਣਾ ਏ ਤਾਂ ਸਾਥੋਂ ਆਪਣਾ ਲਹਿਣਾ ਲੈ ਲੈ, ਸਾਡੇ ਸਿਰ ਤੇ ਜੋ ਕਰਜ ਹੈ, ਉਹ ਚੁਕਾ ਕੇ ਵਿਹਲੇ ਹੋ ਜਾਈਏ।"* ਲਹਿਣਾ ਜੀ ਨੂੰ ਠੋਕ-ਵਜਾਕੇ, ਪਰਖ ਕੇ, ਜਦੋਂ ਆਪਣਾ ਪੂਰਨ ਉਤਰਾਧਿਕਾਰੀ ਜਾਣਿਆ ਤਾਂ ਲਹਿਣੇ ਤੋਂ ਅੰਗਦ ਬਣਾ ਲਿਆ ਅਤੇ ਆਪਣੇ ਆਪ ਨੂੰ ਲਹਿਣੇ ਵਿੱਚ ਅਭੇਦ ਕਰ ਲਿਆ ਤੇ ਜੋਤ ਜੋਤ ਵਿੱਚ ਰਲ ਗਈ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਆਪਣਾ ਸਮੁੱਚਾ ਜੀਵਨ *"ਜਗਤ ਜਲੰਦੇ"* ਨੂੰ ਸ਼ਾਂਤੀ ਪ੍ਰਦਾਨ ਕਰਨ ਵਿੱਚ ਲਗਾ ਦਿੱਤਾ।

ਆਪ ਦੇ ਪ੍ਰਚਾਰ-ਢੰਗ ਨਿਰੋਲ ਨਿੱਜੀ, ਰੌਚਿਕ, ਮੌਲਿਕ ਤੇ ਨਾਟਕੀ ਸਨ।

■■■■■

## ਚਾਹ, ਇੱਕ ਮਿੱਠਾ ਜ਼ਹਿਰ

ਅੱਜ ਕਲ੍ਹ ਜ਼ਿਆਦਾਤਰ ਘਰਾਂ ਵਿੱਚ ਅਤੇ ਹੋਰ ਸਾਰੀਆਂ ਥਾਵਾਂ ਤੇ ਬੜੇ ਮਾਣ ਨਾਲ ਸਭ ਤੋਂ ਵੱਧ ਪੇਸ਼ ਕੀਤੀ ਜਾਣ ਵਾਲੀ ਚੀਜ਼ *'ਚਾਹ'* ਆਪਣੇ ਆਪ ਵਿੱਚ ਮਨੁੱਖੀ ਸਰੀਰ ਨੂੰ ਕਿੰਨੀ ਕੁ ਨੁਕਸਾਨਦੇਹ ਹੈ ? ਇਹ ਚਾਹ ਵਿੱਚ ਸ਼ਾਮਲ ਹੇਠ ਲਿਖੇ 10 ਰਸਾਇਣਾਂ ਤੋਂ ਪੈਦਾ ਹੋਣ ਵਾਲੇ ਸਰੀਰਕ ਰੋਗਾਂ ਨੂੰ ਪੜ੍ਹ ਕੇ ਭਲੀ ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ :-

1. ਟੈਨਿਨ :- ਚਾਹ ਵਿੱਚ 18 ਪ੍ਰਤੀਸ਼ਤ ਭਾਗ ਟੈਨਿਨ ਹੁੰਦੀ ਹੈ। ਇਹ ਪੇਟ ਵਿੱਚ ਜ਼ਖਮ ਅਤੇ ਗੈਸ ਪੈਦਾ ਕਰਨ ਦਾ ਕੰਮ ਕਰਦੀ ਹੈ।

2. ਕੈਫੀਨ :- ਚਾਹ ਵਿੱਚ 2.75 ਪ੍ਰਤੀਸ਼ਤ ਕੈਫ਼ੀਨ ਹੁੰਦੀ ਹੈ। ਇਹਦੇ ਨਾਲ ਤੇਜ਼ਾਬ ਪੈਦਾ ਹੁੰਦਾ ਹੈ ਜੋ ਗੁਰਦੇ ਕਮਜ਼ੋਰ ਕਰਦਾ ਹੈ। ਇਹ ਸਿਰਦਰਦ, ਗੰਠੀਆ ਅਤੇ ਉਨੀਂਦਰਾ ਰੋਗ ਪੈਦਾ ਕਰਦੀ ਹੈ।

3. ਥੀਨ :- ਚਾਹ ਵਿੱਚ 3 ਪ੍ਰਤੀਸ਼ਤ ਥੀਨ ਹੁੰਦਾ ਹੈ ਜੋ ਸਰੀਰ ਵਿੱਚ ਖੁਸ਼ਕੀ, ਫੇਫੜਿਆਂ ਅਤੇ ਦਿਮਾਗ਼ ਵਿੱਚ ਭਾਰੀਪਨ ਪੈਦਾ ਕਰਦਾ ਹੈ।

4. ਵੋਲੇਟਾਈਲ :-ਇਹ ਤੱਤ ਅੱਖਾਂ ਲਈ ਹਾਨੀਕਾਰਕ ਹੈ।

5. ਕਾਰਬੋਲਿਕ ਐਸਿਡ :- ਇਹਦੇ ਨਾਲ ਐਸਿਡੀਟੀ (Acidity) ਹੋ ਜਾਂਦੀ ਹੈ, ਬੁਢਾਪਾ ਜਲਦੀ ਆਉਂਦਾ ਹੈ।

6. ਪੈਮੀਨ :- ਚਾਹ ਵਿੱਚ ਸ਼ਾਮਲ ਪੈਮੀਨ ਨਾਂ ਦਾ ਤੱਤ ਪਾਚਨ ਸ਼ਕਤੀ ਘੱਟ ਕਰਦਾ ਹੈ।

7. ਐਰੋਮੈਲਿਕ :- ਇਹ ਤੱਤ ਅੰਤੜੀਆਂ ਵਿੱਚ ਖੁਸ਼ਕੀ ਪੈਦਾ ਕਰਦਾ ਹੈ।

8. ਸਾਈਨੋਜੇਨ :- ਲਕਵਾ ਅਤੇ ਉਨੀਂਦਰਾ ਰੋਗ ਦਾ ਕਾਰਨ ਬਣਦਾ ਹੈ।

9. ਐਕਜੋਲਿਕ ਐਸਿਡ :- ਇਹ ਜ਼ਹਿਰੀਲਾ ਤੱਤ ਪਿਸ਼ਾਬ ਜਾਂ ਪਸੀਨੇ ਰਾਹੀਂ ਇੱਕ ਦਿਨ ਵਿੱਚ ਜਿੰਨਾ ਸਰੀਰ ਵਿਚੋਂ ਬਾਹਰ ਨਿਕਲਦਾ ਹੈ ਇਕ ਕੱਪ ਚਾਹ ਨਾਲ ਉਸਤੋਂ ਚਾਰ ਗੁਣਾ ਸਰੀਰ ਦੇ ਅੰਦਰ ਚਲਾ ਜਾਂਦਾ ਹੈ।

10. ਸਿਟਨਾਇਲ :- ਇਹ ਤੱਤ ਸਰੀਰ ਵਿੱਚ ਖੂਨ ਰੋਗ ਅਤੇ ਨਾਮਰਦੀ ਪੈਦਾ ਕਰਦਾ ਹੈ।

('ਪੰਜਾਬ ਕੇਸਰੀ' ਵਿਚੋਂ ਧੰਨਵਾਦ ਸਹਿਤ)

■■■■■


www.AKJ.org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ

(ਡਾ: ਗੰਡਾ ਸਿੰਘ ਜੀ)

ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਣੀ ਚਲੀ ਆ ਰਹੀ ਰੀਤ ਅਨੁਸਾਰ ਆਪਣੇ ਅੰਤਮ ਸਮੇਂ ਕਿਸੇ ਭੀ ਸਿੱਖ ਨੂੰ ਗੁਰਿਆਈ ਨਹੀਂ ਦਿੱਤੀ। ਸਭ ਇਤਿਹਾਸਕਾਰ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਅੰਤਮ ਦਿਨਾਂ ਦੇ ਵਾਕਿਆਤ ਦਾ ਜ਼ਰਾ ਭੀ ਵਿਸਥਾਰ ਨਾਲ ਵਰਨਣ ਕੀਤਾ ਹੈ, ਉਨ੍ਹਾਂ ਸਭ ਨੇ ਇਹ ਭੀ ਕਿਹਾ ਹੈ ਕਿ ਗੁਰੂ ਸਾਹਿਬ ਨਾਂਦੇੜ ਵਿਚ ਜੋਤੀ ਜੋਤ ਸਮਾ ਗਏ ਸਨ ਅਤੇ ਉਨ੍ਹਾਂ ਨੇ ਕਿਸੇ ਮਨੁੱਖ ਨੂੰ ਗੁਰਿਆਈ ਨਹੀਂ ਸੀ ਦਿੱਤੀ ਅਤੇ ਉਨ੍ਹਾਂ ਤੋਂ ਬਾਅਦ ਕੋਈ ਮਨੁੱਖ ਭੀ ਗੁਰੂ (ਖ਼ਲੀਫ਼ਾ) ਨਹੀਂ ਹੋਇਆ ਅਤੇ ਗੁਰੂ ਨਾਨਕ ਤੋਂ ਲੈ ਕੇ ਕੇਵਲ ਦਸ ਹੀ ਮਨੁੱਖੀ ਸਰੀਰਧਾਰੀ ਗੁਰੂ ਸਨ, ਹੋਰ ਕੋਈ ਨਹੀਂ। ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕਿਸੇ ਗੁਰੂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਥਾਪੇ ਜਾਣ ਦਾ ਜ਼ਿਕਰ ਕੀਤਾ ਹੈ।

ਦੇਹਧਾਰੀ ਗੁਰੂ ਨੂੰ ਮੰਨਣ ਵਾਲੀ ਸੰਪ੍ਰਦਾਇ ਦੇ ਕੁੱਝ ਲਿਖਾਰੀਆਂ ਦਾ ਇਹ ਕਹਿਣਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦੀ ਗੱਲ ਅੰਗਰੇਜ਼ਾਂ ਦੇ ਕਹਿਣ ਅਨੁਸਾਰ ਸਿੰਘ ਸਭਾ ਦੇ ਆਗੂਆਂ ਨੇ ਚਲਾਈ ਸੀ, ਇਤਿਹਾਸ ਵਿਰੁੱਧ ਕਲਪਨਾ ਹੈ। ਸਿੰਘ ਸਭਾ ਲਹਿਰ ਸੰਨ ੧੮੭੩ ਵਿੱਚ ਆਰੰਭ ਹੋਈ ਸੀ, ਪਰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਿਆਈ ਦਿੱਤੇ ਜਾਣ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਲਿਖਾਰੀਆਂ ਦੇ ਸਮੇਂ ਤੋਂ ਹੀ ਮਿਲਦਾ ਹੈ।

ਭਾਈ ਨੰਦ ਲਾਲ ਜੀ ਗੁਰੂ ਸਾਹਿਬ ਦੇ ਨਿਕਟ-ਵਰਤੀ ਸਮਕਾਲੀ ਸਨ। ਉਹਨਾਂ ਨੇ ਆਪਣਾ ਰਹਿਤਨਾਮਾ ਪਹਿਲਾਂ ਸੰਮਤ ੧੭੫੨ (ਸੰਨ ੧੬੯੫) ਵਿਚ ਲਿਖਿਆ ਸੀ, ਪਰ ਆਪ ਗੁਰੂ ਸਾਹਿਬ ਦੇ ਨਾਂਦੇੜ ਹੋਣ ਸਮੇਂ ਬਾਦਸ਼ਾਹ ਬਹਾਦੁਰ ਸ਼ਾਹ ਦੇ ਨਾਲ ਇੱਕ ਸ਼ਾਹੀ ਕਰਮਚਾਰੀ ਦੇ ਤੌਰ ਤੇ ਉੱਥੇ ਮੌਜੂਦ ਸਨ, ਜਿਸ ਦਾ ਜ਼ਿਕਰ ਢਾਡੀ ਨਾਥ-ਮਲ ਨੇ ਭੀ ਆਪਣੇ *'ਅਮਰਨਾਮੇ'* ਵਿੱਚ ਕੀਤਾ ਹੋਇਆ ਹੈ। ਭਾਈ ਨੰਦ ਲਾਲ ਜੀ ਨੂੰ ਗੁਰੂ ਸਾਹਿਬ ਜੀ ਦੇ ਨਾਂਦੇੜ ਵਿੱਚ ਜ਼ਖਮੀ ਹੋਣ, ਅੰਤ ਸਮੇਂ ਗੁਰੂ ਸਾਹਿਬ ਦੇ ਉਪਦੇਸ਼ਾਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਅਤੇ ਦਿਹਾਂਤ ਦਾ ਸਭ ਪਤਾ ਸੀ, ਇਸੇ ਕਰਕੇ ਉਨ੍ਹਾਂ ਨੇ ਆਪਣੇ ਰਹਿਤਨਾਮੇ ਵਿੱਚ ਸਪਸ਼ਟ *"ਗੁਰੂਓਵਾਚ"* ਦੇ **ਸਿਰਲੇਖ** ਹੇਠਾਂ ਲਿਖਿਆ ਹੈ :

ਦੂਸਰ ਰੂਪ ਗ੍ਰੰਥ ਜੀ ਜਾਣ,  
ਓਨ ਕੇ ਅੰਗ ਮੇਰੇ ਕਰ ਮਾਨ।।  
ਮੇਰਾ ਰੂਪ ਗ੍ਰੰਥ ਜੀ ਜਾਣ,  
ਇਸ ਮੈ ਭੇਦ ਨਹੀ ਕੁਝ ਮਾਨ।।

ਇਨ੍ਹਾਂ ਵਾਕਾਂ ਦੀ ਪੁਸ਼ਟੀ ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਤੋਂ ਭੀ ਹੁੰਦੀ ਹੈ ਜੋ ਗੁਰੂ ਸਾਹਿਬ ਜੀ ਦੇ ਹੋਰ ਭੀ ਨਿਕਟ-ਵਰਤੀ ਜਾਣੂ ਸਨ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਅੱਠ ਸਾਲ ਸਤ ਮਹੀਨੇ ਦੇ ਅੰਦਰ ਮਈ ਸੰਨ ੧੭੧੭ ਨੂੰ ਕਵੀ ਸੋਹਨ ਨੇ *'ਗੁਰ-ਬਿਲਾਸ ਪਾਤਸ਼ਾਹੀ ਛੇਵੀਂ'* ਸ਼ੁਰੂ ਕੀਤਾ ਸੀ ਅਤੇ ਅਗਲੇ ਸਾਲ ਜੁਲਾਈ ਸੰਨ ੧੭੧੮ ਨੂੰ ਸਮਾਪਤ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਚੌਥੇ ਅਧਿਆਇ ਵਿਚ ਕਵੀ ਸੋਹਣ ਲਿਖਦਾ ਹੈ :

ਮਮ ਆਗਿਆ ਸਬ ਹੀ ਸੁਨੋ  
ਸਤਿ ਬਾਤ ਨਿਰਧਾਰ।  
ਗ੍ਰੰਥ ਗੁਰੂ ਸਮ ਮਾਨੀਓ  
ਭੇਦ ਨਾ ਕੋਊ ਬਿਚਾਰ।।੪੦੬।।......  
ਗੁਰੂ ਗ੍ਰੰਥ ਕਲਜੁਗ ਭਯੋ  
ਸ੍ਰੀ ਗੁਰੂ ਰੂਪ ਸਮਾਨ।  
ਦਸ ਪਾਤਸ਼ਾਹੀਆ ਰੂਪ  
ਇਹ ਗੁਰੂ ਗ੍ਰੰਥ ਜੀ ਜਾਨ।।੪੧੨।।  
ਗੁਰੂ ਦਰਸ ਜਿਹ ਦੇਖਨਾ  
ਸ੍ਰੀ ਗ੍ਰੰਥ ਦਰਸਾਇ।  
ਬਾਤ ਕਰਹਿ ਗੁਰ ਸੋ ਚਹੈ  
ਪੜ੍ਹੇ ਗ੍ਰੰਥ ਮਨ ਲਾਇ।।੪੧੩।।

ਇਸ ਤੋਂ ਬਾਦ ਸੰਨ ੧੭੫੧ (ਸੰਮਤ ੧੮੦੮ ਬਿ:) ਵਿਚ ਕਵੀ ਕੋਇਰ ਸਿੰਘ ਨੇ *'ਗੁਰ-ਬਿਲਾਸ ਪਾਤਸ਼ਾਹੀ*


www.AKJ.Org

ਦਸ' ਲਿਖਿਆ ਜਿਸ ਦੇ ੨੧ ਵੇਂ ਧਿਆਇ (ਅੰਤਮ ਸਮਾਚਾਰ) ਵਿਚ ਦਸਮ ਪਾਤਸ਼ਾਹ ਦਾ ਹੁਕਮ ਇਸ ਤਰ੍ਹਾਂ ਦਿੱਤਾ ਹੈ :

ਤਾਂ ਤੇ ਜੋ ਮੁਹ ਸਿਖ ਸੁਜਾਨਾ,
ਮਾਨੋ ਗੁਰੂ ਗ੍ਰੰਥ ਭਗਵਾਨਾ।।੯੩।।

(ਪੰਨਾ ੨੮੩)

ਦਰਸਨ ਗੁਰ ਕਾ ਹੈ ਸਵਧਾਨ।।
ਸ੍ਰੀ ਗ੍ਰੰਥ ਸਾਹਿਬ ਜੀ ਮਾਨ।।੯੮।।....
ਯਾ ਬਿਧਿ ਔਰ ਗੁਰੂ ਨਹਿ ਕਹਿਹੀ।।
ਤਾ ਤੇ ਸਾਚੋ ਗੁਰ ਯਹਿ ਚਹਿਹੀ।।੧੦੨।।

(ਪੰਨਾ ੨੮੪)

ਗ੍ਰੰਥ ਗੁਰੂ ਮੈ ਨਿਹਚਾ ਧਾਰੈ।
ਤਾ ਬਿਨ ਚਾਹ ਨ ਧਰੋ ਪਿਯਾਰੇ।
ਤਾਂਕੀ ਵਾਂਛਾ ਸਭ ਗੁਰ ਪੂਰੇ।
ਯਾ ਪਰ ਨਿਸਚਾ ਭ੍ਰਮ ਸਭ ਦੂਰੈ।।੧੩੬।।
ਯਾ ਬਿਧਿ ਸ੍ਰੀ ਗਿਰੰਥ ਸਿਰ ਨਯਾਈ।
ਕਰ ਅਰਦਾਸ ਪ੍ਰੇਮ ਜੁਤ ਭਾਈ।
ਦਾਮ ਅਨੰਤ ਜੋ ਦਏ ਰਬਾਬੀ।
ਮਾਨੋ ਚੜੀ ਗ੍ਰੰਥ ਬਚ ਆਬੀ।।੧੩੭।।

(ਪੰਨਾ ੨੮੭)

ਇਥੇ ਇਹ ਦੱਸ ਦੇਣਾ ਜ਼ਰੂਰੀ ਜਾਪਦਾ ਹੈ ਕਿ ਕੋਇਰ ਸਿੰਘ ਜੀ ਨੇ ਇਹ ਗੁਰ-ਬਿਲਾਸ ਭਾਈ ਮਨੀ ਸਿੰਘ ਜੀ ਸ਼ਹੀਦ ਪਾਸੋਂ ਸੁਣ ਸੁਣ ਕੇ ਲਿਖਿਆ ਹੈ ਜੋ ਇਸ ਹੁਕਮ ਦੀ ਪ੍ਰਮਾਣੀਕਤਾ ਦਾ ਅਕੱਟ ਸਬੂਤ ਹੈ।

*'ਬੰਸਾਵਲੀ-ਨਾਮਾ ਦਸ ਪਾਤਸ਼ਾਹੀਆਂ ਕਾ'* ਭਾਈ ਕੇਸਰ ਸਿੰਘ ਛਿੱਬਰ ਨੇ ਸੰਮਤ ੧੮੨੬ (ਸੰਨ ੧੭੬੯-੭੦) ਵਿਚ ਲਿਖਿਆ ਹੈ। ਗੁਰੂ ਸਾਹਿਬ ਦੇ ਅੰਤਮ ਸਮੇਂ ਦਾ ਜ਼ਿਕਰ ਕਰਦੇ ਹੋਏ ਕੇਸਰ ਸਿੰਘ ਜੀ ਲਿਖਦੇ ਹਨ :

ਗਰੀਬ ਨਿਵਾਜ, ਸਿਖ ਸੰਗਤਿ ਹੈ ਤੇਰੀ,
ਇਸ ਦਾ ਕੀ ਹਵਾਲ।
ਬਚਨ ਕੀਤਾ, ਗ੍ਰੰਥ ਹੈ ਗੁਰੂ,
ਲੜ ਪਕੜੋ ਅਕਾਲ।।੬੫੦।। (ਚਰਨ ਦਸਵਾਂ)
ਸੁਨੋ ਵੇ ਭਾਈ ਸਿਖੋ
ਐਸਾ ਸੰਤ ਬਾਬਾ ਨਾਨਕੁ ਪਛਾਨੋ।
ਦਸੋ ਮਹਲ ਬਾਬਾ ਨਾਨਕ ਜੀ ਜਾਨੋ।
ਦਸਵਾਂ ਪਾਤਸ਼ਾਹ ਗੱਦੀ ਗੁਰਿਆਈ ਦੀ ਗ੍ਰੰਥ ਸਾਹਿਬ ਨੂੰ ਦੇ ਗਿਆ।
ਅਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ,
ਸੋਈ ਗਿਆ ਜੋ ਗ੍ਰੰਥੋਂ ਗਿਆ।।੨੨੦।।
ਆਜ ਕੇ ਸਮੇ ਗ੍ਰੰਥ ਸਾਹਿਬ ਹੈ ਗੁਰੂ ਹਮਾਰਾ।
ਆਗੇ ਸਾਹਿਬ ਦਸਵਾਂ ਪਾਤਸਾਹੁ
ਲਾਇ ਬੈਠਾ ਦਰਬਾਰਾ।
ਜੋ ਸ਼ੰਕਾ ਹੋਤਾ ਸਭ ਪੁਛ ਲੇਤੇ।
ਅਬ ਤਿਨ ਕੇ ਆਸਨ
ਗੁਰੂ ਗ੍ਰੰਥ ਜੀ ਉਤਰ ਹੈਂ ਦੇਤੇ।।੩੩੦।।
ਗ੍ਰੰਥ ਬਚਨ ਏਹੁ ਸਚੁ ਕਰਿ ਜਾਨੋ।
ਬਿਨਾ ਗ੍ਰੰਥ ਗੁਰੂ ਹੋਰ ਨਾ ਮਾਨੋ।
ਅਤੇ ਜੋ ਗ੍ਰੰਥ ਗੁਰੂ ਤੇ ਮੁਹੁ ਫੇਰੇਗੇ।
ਤਾਂ ਏਹ ਜੂਨਾਂ ਸਭੇ ਜਨਮੁ ਪਾਇ
ਪਾਇ ਕੇ ਹੇਰੇਗੇ।।੩੦੭।। (ਚਰਨ ਚੌਧਵਾਂ)

ਭਾਈ ਕੇਸਰ ਸਿੰਘ ਜੀ ਇਹ ਭੀ ਦੱਸਦੇ ਹਨ ਕਿ ਉਨ੍ਹਾਂ ਆਪਣੇ ਇਸ ਬੰਸਾਵਲੀ-ਨਾਮੇ ਦੀ ਰਚਨਾ ਲਈ ਗੁਰੂ ਘਰ ਦੀਆਂ ਵਹੀਆਂ ਤੋਂ ਭੀ ਮਸਾਲਾ ਲਿਆ ਹੈ।

ਬਾਵਾ ਸਰੂਪ ਦਾਸ ਜੀ ਗੁਰੂ ਅਮਰਦਾਸ ਜੀ ਦੇ ਬੰਸਜ ਸਨ। ਉਨ੍ਹਾਂ ਨੇ, ਬਾਬਾ ਸੁਮੇਰ ਸਿੰਘ ਜੀ ਦੇ ਕਥਨਾਨੁਸਾਰ, ਆਪਣੀ ਪੁਸਤਕ *'ਮਹਿਮਾ-ਪ੍ਰਕਾਸ਼'* ਸੰਨ ੧੭੭੪ ਵਿਚ ਰਚੀ ਸੀ, ਉਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਸੰਬੰਧੀ ਇਸ ਤਰ੍ਹਾਂ ਆਇਆ ਹੈ :

ਤਬ ਸਿਖਾ ਨੇ ਪੂਛਾ ਜੋ ਅਬ ਦਰਸ਼ਨ ਕਹਾ ਕਰਹਿ।। ਸਤਿਗੁਰ ਦੀਨ ਦਿਆਲ ਬਚਨ ਕੀਤਾ। ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਾਹਗਾ ਗੁਰ ਗਿਰੰਥ ਸਾਹਿਬ ਕੋ ਜਾਨਨਾ। ਜਿਨ ਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗਿਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤਾ ਹੋਵੈਗੀ।......

(ਪੰਨਾ ੮੯੨-੯੩)

ਅਠ੍ਹਾਰਵੀਂ ਦੇ ਅੱਧ ਵਿੱਚ ਉਮਦਾਤੁ-ਤਵਾਰੀਖ ਦੇ ਲੇਖਕ ਮੁਨਸ਼ੀ ਸੋਹਨ ਲਾਲ ਸੂਰੀ ਦੇ ਬਜ਼ੁਰਗਾਂ ਮੁਨਸ਼ੀ ਗਣਪਤ ਰਾਇ ਅਤੇ ਹਕੂਮਤ ਰਾਇ ਨੇ ਇਹ ਪੁਸਤਕ ਚੜ੍ਹਤ ਸਿੰਘ ਦੇ ਵੇਲੇ ਲਿਖਣੀ ਆਰੰਭ ਕੀਤੀ ਸੀ। ਇਸ ਦੀ ਪਹਿਲੀ ਜਿਲਦ ਦਫ਼ਤਰ ਅੱਵਲ ਦੇ ਪੰਨਾ ੬੫-੬੫ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਦਾ ਜ਼ਿਕਰ ਹੈ, ਜਿਸ ਵਿਚ ਲਿਖਿਆ ਹੋਇਆ ਹੈ ਕਿ ਇਸ ਵੇਲੇ ਇਕ ਸਿੱਖ ਨੇ


www.AKJ.Org

ਬੇਨਤੀ ਕੀਤੀ ਕਿ ਹਜ਼ੂਰ ਨੇ ਕਿਸ ਨੂੰ (ਕੁਦਾਮ ਕਸ ਰਾ) ਗੁਰੂ ਨੀਯਤ ਕੀਤਾ ਹੈ, ਤਾਂ ਗੁਰੂ ਸਾਹਿਬ ਨੇ ਫੁਰਮਾਇਆ ਕਿ :-

ਗੁਰੂ ਗ੍ਰੰਥ ਜੀ ਅਸਲ। ਦਰਮਿਆਨ ਗ੍ਰੰਥ ਵਾ ਗੁਰੂ ਹੀਚ ਫ਼ਰਕੇ ਨੀਸਤ। ਅਜ਼ ਦੀਦਾਰਿ ਗ੍ਰੰਥ ਜੀ ਮੁਸ਼ਹਿਦਾਇ ਦੀਦਾਰਿ ਫ਼ਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ।

ਅਰਥਾਤ-ਗੁਰੂ ਗ੍ਰੰਥ ਜੀ ਹਨ। ਗ੍ਰੰਥ ਅਤੇ ਗੁਰੂ ਦੇ ਵਿਚਕਾਰ ਕੋਈ ਫ਼ਰਕ ਨਹੀਂ ਹੈ। ਗ੍ਰੰਥ ਜੀ ਦੇ ਦਰਸ਼ਨਾਂ ਤੋਂ ਗੁਰੂ ਸਾਹਿਬ ਦੇ ਖੁਸ਼ੀਆਂ-ਭਰਪੂਰ ਦਰਸ਼ਨ ਹੋਣਗੇ।

ਇਸੇ ਤਰ੍ਹਾਂ ਅਠ੍ਹਾਰਵੀਂ ਸਦੀ ਵਿੱਚ ਆਰੰਭ ਅਤੇ ਸੰਨ ੧੮੧੦ ਵਿੱਚ ਮੁਕੰਮਲ ਕੀਤੀ ਤਾਰੀਖਿ-ਲਹਿਰੁਲ-ਮੱਵਾਜ ਦੇ ਪਹਿਲੇ ਹਿੱਸੇ ਅਤੇ ਤਾਰੀਖਿ ਮੁਜ਼ੱਫ਼ਰੀ ਦੇ ਪੰਨਾ ੨੦੮ ਪਰ ਲਿਖਿਆ ਹੋਇਆ ਹੈ :

ਬਾਦ ਅਜ ਓ ਬ-ਇਹਤਕਾਦਿ ਈਂ ਜਮਾਇ ਇਤਲਾਕਿ ਗੁਰੂ ਵਾ ਕਰਾਮਾਤਿ ਬਾਤਨੀ ਬਕਖ਼ਸਤ, ਵਾ ਗ੍ਰੰਥ ਮਜ਼ਕੂਰ ਬ-ਜਾਇ ਗੁਰੂ ਮੁਕੱਰਰ ਸ਼ੁਦਾ।

ਅਰਥਾਤ-ਉਨ੍ਹਾਂ (ਗੁਰੂ ਗੋਬਿੰਦ ਸਿੰਘ) ਤੋਂ ਬਾਅਦ ਇਸ (ਸਿੱਖ) ਜਮਾਤ ਦੇ ਯਕੀਨ ਅਨੁਸਾਰ ਗੁਰੂ ਨਿਯਤ ਕਰਨਾ ਅਤੇ ਮਨੁੱਖੀ ਕਰਾਮਾਤ ਸਮਾਪਤ ਹੋ ਗਈ ਹੈ ਅਤੇ ਗ੍ਰੰਥ ਜੀ ਗੁਰੂ ਦੇ ਥਾਂ ਤੇ ਨਿਯਤ ਹੋਏ ਹਨ।

ਇਸ ਤਰ੍ਹਾਂ ਹੀ ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਪੁਸਤਕਾਂ ਦੇ ਹੋਰ ਅਨੇਕਾਂ ਹਵਾਲੇ ਪੇਸ਼ ਕੀਤੇ ਜਾ ਸਕਦੇ ਹਨ। ਪਰ ਇਥੇ ਕੇਵਲ ਸਮਕਾਲੀ ਅਤੇ ਅਠਾਰਵੀਂ ਸਦੀ ਦੀਆਂ ਲਿਖਤਾਂ ਦੇ ਹਵਾਲੇ ਦੇਣੇ ਹੀ ਕਾਫ਼ੀ ਹਨ ਜੋ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦਿਤੇ ਜਾਣ ਦੀ ਹੀ ਸਦੀ ਹੈ। ਇਸ ੯੦-੧੦੦ ਸਾਲ ਦੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਸੰਬੰਧੀ ਕੋਈ ਸ਼ੱਕ ਅਤੇ ਕਿਸੇ ਮਨੁੱਖ ਦੇ ਉਨ੍ਹਾਂ ਦੀ ਥਾਂ ਗੁਰੂ ਮਕੱਰਰ ਕੀਤੇ ਜਾਣ ਦਾ ਜ਼ਿਕਰ ਦਰਜ ਨਹੀਂ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਦਿਹਾਂਤ ਅਤੇ ਉਨ੍ਹਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦਿੱਤੇ ਜਾਣ ਦਾ ਵਾਕਿਆ ਨਿਸਚਿਤ ਅਤੇ ਅਟੱਲ ਇਤਿਹਾਸਕ ਸੱਚਾਈਆਂ ਹਨ।--

ਤ੍ਰਿਤੀਆ ਕੇ ਦਿਨ ਸਿੰਘੋਂ ਨੇ ਮਿਲ ਅਰਜ ਗੁਜਾਰੀ।
ਹਮ ਜਾਨਿਓ ਤਨ ਤਜਨ ਕੀ ਤੁਮ ਕੀਨੀ ਤਿਆਰੀ।
ਸੰਗਤ ਕੋ ਲੜ ਕੌਣ ਕੇ ਲਾ ਚਲੇ ਗੁਸਾਂਈ।
ਬਿਨੈ ਦੀਨਤਾ ਸੁਨ ਗੁਰੂ ਇਮ ਗਿਰਾ ਅਲਾਈ।
ਅਬ ਹਮ ਸੋ ਗੁਰੁ ਥਾਪਹੋਂ ਜੋ ਸੁੱਧ ਉਦਾਰੀ।
ਅਜਰ ਅਮਰ ਆਖੰਡ ਰਹਿ ਸਦ ਪਰਉਪਕਾਰੀ।
ਭੇਦ ਪੱਖ ਬਿਨ ਸਰਬ ਕੋ ਬਾਂਛਿਤ ਫਲ ਦੈਹੈ।
ਇਮ ਕਹਿ ਗੁਰੂ ਗ੍ਰੰਥ ਕਾ ਪਰਕਾਸ਼ ਕਰੈਹੈ।
ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ।
ਕਰ ਪ੍ਰਕਰਮਾਂ ਗੁਰੂ ਜੀ ਨਿਜ ਮਾਥ ਝੁਕਾਯੋ।
ਗੁਰੂ ਗ੍ਰੰਥ ਕੋ ਗੁਰੁ ਥਪਿਓ ਕੁਣਕਾ ਬਟਵਾਯੋ।
ਸ੍ਰੀ ਮੁਖ ਤੇ ਸਭ ਸਿਖਨ ਕੋ ਇਮ ਹੁਕਮ ਸੁਨਾਯੋ।

ਤਥਾ ਹੀ ਸ੍ਰੀ ਮੁਖਵਾਕ - ਦੋਹਿਰਾ

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ।
ਸਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ।
ਜਗਮਗ ਜੋਤ ਬਿਰਾਜਹੀ ਸ੍ਰੀ ਗੁਰੁ ਗ੍ਰੰਥੁ ਮਝਾਰ।
ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰੁ ਗ੍ਰੰਥ।
ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ।
ਵਾਹਿਗੁਰੂ ਗੁਰੁ ਗ੍ਰੰਥ ਜੀ ਉਭੈ ਜਹਾਜ ਉਦਾਰ।
ਜੋ ਸਰਧਾ ਸੇਵਹੈ ਸੋ ਉਤਰੈ ਭਵ ਪਾਰ।।੧੧।।

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)

■■■■■

**ਗੁਰਬਾਣੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ 'ਸੂਰਾ' ਮਾਸਿਕ ਪੱਤਰ ਅਤੇ ਹੋਰ ਗੁਰਮਤਿ ਸਾਹਿਤ ਨੂੰ ਸਾਫ਼-ਸੁਥਰੀ, ਉੱਚੀ ਥਾਂ ਤੇ ਰੱਖਿਆ ਜਾਏ ਅਤੇ ਰੱਦੀ ਵਿੱਚ ਨਾ ਵੇਚਿਆ ਜਾਏ, ਸਗੋਂ ਲੋੜਵੰਦ ਵਿਅਕਤੀਆਂ ਨੂੰ ਅੱਗੋਂ ਪੜ੍ਹਨ ਲਈ ਦੇ ਦਿੱਤਾ ਜਾਏ।**



www.AKJ.Org

# ਗੁਰਬਾਣੀ ਤੇ ਕੱਚੀ ਬਾਣੀ

(ਪ੍ਰੋ: ਹਰਬੰਸ ਸਿੰਘ, ਲੁਧਿਆਣਾ)

ਗੁਰੂ ਰਾਹੀਂ ਧੁਰ ਦਰਗਾਹੋਂ ਆਈ ਬਾਣੀ ਗੁਰਬਾਣੀ ਹੈ ਜਿਸ ਨੂੰ *'ਧੁਰ ਕੀ ਬਾਣੀ'* ਕਿਹਾ ਜਾਂਦਾ ਹੈ।

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥ (ਪੰਨਾ ੬੨੮)

ਇਹ ਅੰਮ੍ਰਿਤ ਬਚਨ ਹਨ, ਅਮਿਉ ਰਸ ਹੈ, ਇਹ *'ਸਤਿ'* ਵਿੱਚੋਂ ਪ੍ਰਗਟ ਹੋਈ *'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ'* ਹੈ, ਜੋ ਮਨੁੱਖ ਇਸ ਨੂੰ ਪੜ੍ਹਦਾ ਜਾਂ ਗਾਉਂਦਾ ਹੈ, ਮਾਨੋਂ ਉਹ ਆਪਣੇ ਮੂੰਹ ਵਿੱਚ ਅੰਮ੍ਰਿਤ ਪਾਉਂਦਾ ਹੈ।

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ,
ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥ (ਪੰਨਾ ੪੯੪)

ਇਸ ਦੇ ਪੜ੍ਹਨ ਸੁਣਨ ਨਾਲ ਦੂਖ, ਰੋਗ, ਸੰਤਾਪ ਉਤਰ ਜਾਂਦੇ ਹਨ।

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
(ਪੰਨਾ ੧੨੨)

ਜਿਸ ਦੇ ਹਿਰਦੇ ਵਿੱਚ ਇਹ *'ਸਾਚੀ ਬਾਣੀ'* ਵਸ ਜਾਂਦੀ ਹੈ ਉਸ ਦੇ ਸਾਰੇ ਦੁਖ ਦਰਦ ਦੂਰ ਹੋ ਜਾਂਦੇ ਹਨ।

ਗੁਰ ਕੀ ਬਾਣੀ ਜਿਸੁ ਮਨਿ ਵਸੈ॥
ਦੂਖੁ ਦਰਦੁ ਸਭੁ ਤਾ ਕਾ ਨਸੈ॥੧॥ (ਪੰਨਾ ੧੩੪੦)

ਇਸ ਦੇ ਗਾਉਣ ਸੁਣਨ ਨਾਲ ਅਨੰਦ ਪ੍ਰਾਪਤ ਹੁੰਦਾ ਹੈ।

ਭਗਤਿ ਭੰਡਾਰ ਗੁਰਬਾਣੀ ਲਾਲ॥
ਗਾਵਤ ਸੁਨਤ ਕਮਾਵਤ ਨਿਹਾਲ॥੨॥
(ਪੰਨਾ ੩੭੬)

ਇਸ ਨੂੰ ਪੜ੍ਹਨ ਸੁਣਨ ਤੇ ਗਾਉਣ ਨਾਲ ਵਿਕਾਰਾਂ ਤੋਂ ਛੁਟਕਾਰਾ (ਮੁਕਤੀ) ਮਿਲਦਾ ਹੈ ਅਤੇ ਪ੍ਰਭੂ ਦੀ ਹਜ਼ੂਰੀ ਮਿਲਦੀ ਹੈ।

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥
ਜਿਨਿ ਪੀਤੀ ਤਿਸੁ ਮੋਖ ਦੁਆਰ॥੫॥
(ਪੰਨਾ ੧੨੭੫)

ਸਾਚੀ ਬਾਣੀ ਮਹਲੁ ਪਰਾਪਤਿ ਹੋਇ॥੫॥
(ਪੰਨਾ ੪੨੩)

ਇਹ ਬਾਣੀ ਕਰਤਾਰ (ਕਰਤਾ ਪੁਰਖ) ਦੇ ਪ੍ਰੇਮ ਵਿੱਚ ਰੰਗਣ ਵਾਲੀ ਹੈ। ਇਸ ਦੇ ਤੁਫੈਲ ਕਰਤਾ-ਪੁਰਖ ਵਾਹਿਗੁਰੂ ਦੇ ਦਰਸ਼ਨ ਹੁੰਦੇ ਹਨ, ਉਸ ਦੇ ਚਰਨਾਂ ਦੀ ਛੋਹ ਪ੍ਰਾਪਤ ਹੁੰਦੀ ਹੈ ਅਤੇ ਮਨ ਵਿੱਚ ਅਨੰਦ ਤੇ ਖਿੜਾਉ ਪੈਦਾ ਹੁੰਦਾ ਹੈ।

ਦਰਸਨ ਪਰਸਨ ਸਰਸਨ ਹਰਸਨ,
ਰੰਗਿ ਰੰਗੀ ਕਰਤਾਰੀ ਰੇ॥੧॥ (ਪੰਨਾ ੪੦੪)

ਇਸ ਬਾਣੀ ਨੂੰ ਇਕ ਖਿਨ ਵਾਸਤੇ ਭੀ ਹਿਰਦੇ ਵਿੱਚ ਵਸਾਇਆਂ ਗੁਰੂ ਦੇ ਚਰਨਾਂ ਤਕ ਪਹੁੰਚ ਬਣ ਜਾਂਦੀ ਹੈ, ਇਸ ਨੂੰ ਸੁਆਸ ਸੁਆਸ ਹਿਰਦੇ ਵਿੱਚ ਵਸਾਇਆਂ ਜਮਾਂ ਦਾ ਡਰ ਨਹੀਂ ਪੋਹ ਸਕਦਾ।

ਖਿਨੁ ਰਮ, ਗੁਰ ਗਮ, ਹਰਿ ਦਮ ਨਹ ਜਮ
(ਪੰਨਾ ੪੦੪)

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ 'ਧੁਰ ਕੀ ਬਾਣੀ' ਨਿਰੰਕਾਰ ਹੈ, ਇਸ ਦੇ ਬਰਾਬਰ ਦਾ ਹੋਰ ਕੋਈ ਨਹੀਂ।

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ॥ (ਪੰਨਾ ੫੧੫)

ਜਦੋਂ ਸਚਖੰਡ (ਰੱਬ ਦੀ ਦਰਗਾਹ) ਤੋਂ ਬਾਣੀ ਉਤਰਦੀ ਸੀ ਤਾਂ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨੇ ਨੂੰ ਕਹਿੰਦੇ, *"ਮਰਦਾਨਿਆਂ ! ਰਬਾਬ ਛੇੜ, ਬਾਣੀ ਆਈ ਆ।"* ਭਾਈ ਮਰਦਾਨਾ ਰਬਾਬ ਦੀਆਂ ਸੁਰਾਂ ਤੇ ਹੱਥ ਰੱਖ ਲੈਂਦਾ ਅਤੇ ਗੁਰੂ ਸਾਹਿਬ ਵਜਦ ਵਿੱਚ ਆ ਕੇ ਉਪਰੋਂ ਆਈ ਬਾਣੀ, ਗਾਉਣ ਲੱਗ ਪੈਂਦੇ। ਬਾਣੀ ਦੀ ਧੁੰਨ ਸੁਣ ਕੇ ਆਲੇ ਦੁਆਲੇ ਦੇ ਲੋਕੀਂ ਅਤੇ ਪਸ਼ੂ ਪੰਛੀ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਜਾਂਦੇ ਅਤੇ ਬਾਣੀ ਦਾ ਆਨੰਦ ਮਾਣਦੇ ਮੁਗਧ ਹੋ ਜਾਂਦੇ।

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਿੱਖਾਂ ਨੂੰ ਇਹ ਉਪਦੇਸ਼ ਦਿੱਤਾ ਹੈ-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ,
ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ,
ਬਾਣੀਆ ਸਿਰਿ ਬਾਣੀ॥
(ਅਨੰਦੁ ਸਾਹਿਬ,ਪੰਨਾ ੯੨੦)

ਭਾਵ ਹੇ ਸਤਿਗੁਰੂ ਦੇ ਪਿਆਰਿਓ ਸਿੱਖੋ ! ਆਵੋ, ਸਦਾ ਥਿਰ ਰਹਿਣ ਵਾਲੇ ਪਰਮਾਤਮਾ ਵਿੱਚ ਜੋੜਨ ਵਾਲੀ ਬਾਣੀ ਰਲ ਕੇ ਗਾਵੋ, ਆਪਣੇ ਗੁਰੂ ਦੀ ਬਾਣੀ ਗਾਵੋ, ਇਹ ਬਾਣੀ ਹੋਰ ਸਭ ਬਾਣੀਆਂ ਨਾਲੋਂ ਸ਼ਿਰੋਮਣੀ ਹੈ।

ਗੁਰੂ ਅਰਜਨ ਦੇਵ ਜੀ ਦਾ ਉਪਦੇਸ਼ ਵੀ ਇਉਂ ਹੀ ਹੈ-



www.AKJ.Org

ਪ੍ਰਭ ਬਾਣੀ ਸਬਦੁ ਸੁਭਾਖਿਆ।।
ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ।। ਰਹਾਉ।। (ਪੰਨਾ ੬੧੧)

ਭਾਵ ਹੇ ਭਾਈ ! ਗੁਰੂ ਨੇ ਆਪਣਾ ਸ਼ਬਦ ਸੋਹਣਾ ਉਚਾਰਿਆ ਹੈ। ਇਹ ਸ਼ਬਦ ਪ੍ਰਭੂ ਦੀ ਸਿਫਤਿ ਸਾਲਾਹ ਦੀ ਬਾਣੀ ਹੈ। ਇਸ ਨੂੰ ਸਦਾ ਗਾਉਂਦੇ ਰਹੋ, ਸੁਣਦੇ ਰਹੋ, ਪੜ੍ਹਦੇ ਰਹੋ। ਜੇ ਇਹ ਉਦਮ ਕਰਦੇ ਰਹੋਗੇ ਤਾਂ ਯਕੀਨ ਰੱਖੋ ਕਿ ਪੂਰੇ ਗੁਰੂ ਨੇ ਤੈਨੂੰ ਜੀਵਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਤੋਂ ਬਚਾ ਲਿਆ ਹੈ।

ਪੰਚਮ ਪਾਤਸ਼ਾਹ ਸਾਰੇ ਫਲ ਤੇ ਸੁੱਖ ਦੇਣ ਵਾਲੀ ਗੁਰੂ ਦੀ ਬਾਣੀ ਗਾਉਣ ਦੀ ਹੀ ਸਾਨੂੰ ਤਾਕੀਦ ਕਰਦੇ ਹਨ।

ਗੁਰਬਾਣੀ ਗਾਵਹ ਭਾਈ।।
ਓਹ ਸਫਲ ਸਦਾ ਸੁਖਦਾਈ। (ਪੰਨਾ ੬੨੮)

ਪਰ ਇਹ ਗੱਲ ਬੜੇ ਅਫਸੋਸ ਨਾਲ ਲਿਖਣੀ ਪੈ ਰਹੀ ਹੈ ਕਿ ਬਹੁਤ ਸਾਰੇ ਕੀਰਤਨੀਏ ਸਤਿਗੁਰਾਂ ਦੀ ਸੱਚੀ ਬਾਣੀ ਨੂੰ ਛੱਡ ਕੇ ਜਾਣੇ ਅਨਜਾਣੇ ਕੱਚੀ ਬਾਣੀ (ਸੰਸਾਰੀ ਕਵੀਆਂ ਦੀਆਂ ਮਨਘੜਤ ਰਚਨਾਵਾਂ) ਨੂੰ ਗਾਉਣ ਲੱਗ ਪਏ ਹਨ ਜਦ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਸਪਸ਼ਟ ਆਦੇਸ਼ ਹੈ-

ਸਤਿਗੁਰੂ ਬਿਨਾ,
ਹੋਰ ਕਚੀ ਹੈ ਬਾਣੀ।।
ਬਾਣੀ ਤ ਕਚੀ ਸਤਿਗੁਰੂ ਬਾਝਹੁ,
ਹੋਰ ਕਚੀ ਬਾਣੀ।।
ਕਹਦੇ ਕਚੇ, ਸੁਣਦੇ ਕਚੇ,
ਕਚੀ ਆਖਿ ਵਖਾਣੀ।।
ਹਰਿ ਹਰਿ ਨਿਤ ਕਰਹਿ ਰਸਨਾ,
ਕਹਿਆ ਕਛੂ ਨ ਜਾਣੀ।।
ਚਿਤੁ ਜਿਨ ਕਾ ਹਿਰਿ ਲਇਆ ਮਾਇਆ,
ਬੋਲਨਿ ਪਏ ਰਵਾਣੀ।।
ਕਹੈ ਨਾਨਕੁ, ਸਤਿਗੁਰੂ ਬਾਝਹੁ,
ਹੋਰ ਕਚੀ ਬਾਣੀ।।੨੪।।
(ਅਨੰਦ ਸਾਹਿਬ,ਪੰਨਾ ੯੨੦)

ਸੰਸਾਰੀ ਬੰਦਿਆਂ ਦੀਆਂ ਕਵਿਤਾਵਾਂ 'ਧੁਰ ਕੀ ਬਾਣੀ' ਦੇ ਬਰਾਬਰ ਨਹੀਂ ਹੋ ਸਕਦੀਆਂ। ਉਨ੍ਹਾਂ ਦੇ ਪੜ੍ਹਨ ਸੁਣਨ ਤੇ ਗਾਉਣ ਨਾਲ ਦੁੱਖ, ਦਰਦ, ਰੋਗ, ਸੰਤਾਪ ਦੂਰ ਨਹੀਂ ਹੋ ਸਕਦੇ, ਪ੍ਰਭੂ ਤੱਕ ਪਹੁੰਚ ਨਹੀਂ ਹੋ ਸਕਦੀ, ਵਿਕਾਰਾਂ ਤੋਂ ਮੁਕਤੀ ਨਹੀਂ ਮਿਲ ਸਕਦੀ, ਸਦੀਵੀ ਆਨੰਦ ਨਹੀਂ ਮਿਲ ਸਕਦਾ।

ਨਿਗੁਰਿਆਂ ਮਨਮੁਖ ਸਾਕਤਾਂ ਦੇ ਗੀਤ ਨਾਦ ਤਾਂ ਮਨੁੱਖ ਨੂੰ ਸਿੱਧੇ ਵਿਸ਼ੇ ਵਿਕਾਰਾਂ ਦੀ ਭੱਠੀ ਵਲ ਹੀ ਧੱਕਦੇ ਹਨ। ਇਸੇ ਕਾਰਨ ਕਰਕੇ ਹੀ ਪੰਚਮ ਪਾਤਸ਼ਾਹ ਵੇਦਨਾ ਕਰਦੇ ਹਨ-

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।।
ਸਾਕਤ ਗੀਤ ਨਾਦ ਧੁਨਿ ਗਾਵਤ
ਬੋਲਤ ਬੋਲ ਅਜਾਏ।।੧।।ਰਹਾਉ।। (ਪੰਨਾ ੮੨੦)

ਦੂਜੇ ਸੰਸਾਰ ਯੁੱਧ ਸਮੇਂ ਸਿਨਮੇ ਦੇ ਅਸਰ ਸਦਕਾ ਸਿੱਖ ਸੰਗਤਾਂ ਵਿੱਚ ਕਵੀਆਂ ਦੇ ਗੀਤਾਂ ਨੂੰ ਫਿਲਮੀਂ ਤਰਜ਼ਾਂ ਵਿੱਚ ਗਾਉਣ ਦਾ ਰਿਵਾਜ਼ ਸ਼ੁਰੂ ਹੋ ਗਿਆ। ਅਜੇਹੇ ਗੀਤਾਂ ਦੀਆਂ ਪੁਸਤਕਾਂ ਛਪ ਗਈਆਂ। ਨੌਜਵਾਨ ਪੀੜ੍ਹੀ ਇਨ੍ਹਾਂ ਗੀਤਾਂ ਵੱਲ ਪ੍ਰੇਰੀ ਗਈ। ਸੰਤ ਬਾਬਿਆਂ ਨੇ ਮਨਘੜਤ ਏਟਕਿਆਂ ਦੀ ਧਾਰਨਾ ਤੇ ਸ਼ਬਦ ਪੜ੍ਹਨੇ ਸ਼ੁਰੂ ਕਰ ਦਿੱਤੇ ਅਤੇ ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰ ਕੇ ਗੁਰੂ ਉਪਦੇਸ਼ ਨੂੰ ਹਾਸੋ ਹੀਣਾ ਬਣਾ ਦਿੱਤਾ। ਇਸ ਸੰਬੰਧੀ ਇਕ ਵੇਰ ਪੰਡਿਤ ਕਰਤਾਰ ਸਿੰਘ ਦਾਖਾ ਨੇ ਇਉਂ ਲਿਖਿਆ ਸੀ -

ਅੱਜ ਕਲ ਦੇ ਰਾਗੀ, ਵਿਸ਼ੇਸ਼ ਕਰ ਕੇ ਕੀਰਤਨ ਕਰਨ ਵਾਲੇ ਸੰਤ ਬਾਬੇ ਜਥੇ ਉਕਾ ਹੀ ਪੁਰਾਣੀ ਗੁਰਮਰਯਾਦਾ ਤੋਂ ਉਲਟ ਆਪਣੀਆਂ ਬਣਾਈਆਂ ਹੋਈਆਂ ਬੋਲੀਆਂ ਨੂੰ ਅਸਥਾਈ ਜਾਂ ਧਾਰਨਾ ਬਣਾ ਕੇ ਗੁਰਬਾਣੀ ਦੀਆਂ ਤੁਕਾਂ ਨੂੰ ਉਨ੍ਹਾਂ ਦੇ ਮਗਰ ਲਾ ਕੇ ਬਾਰ ਬਾਰ ਗਾਉਂਦੇ ਹਨ ਜਿਸ ਤੋਂ ਗੁਰਬਾਣੀ ਦੀ ਬੇਅਦਬੀ ਤੋਂ ਇਲਾਵਾ ਅਰਥ ਦਾ ਅਨਰਥ ਕਰ ਕੇ ਸਾਧਾਰਨ ਲੋਕਾਂ ਦੀ ਰੁਚੀ ਗੁਰਬਾਣੀ ਨਾਲੋਂ ਆਪਣੀ ਕੱਚੀ ਬਾਣੀ ਵੱਲ ਅਧਿਕ ਵਧਾਉਂਦੇ ਹੋਏ ਆਪਣੀ ਮੌਜ ਉੜਾ ਰਹੇ ਹਨ : ਜੈਸੇ-

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।।
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।।੧।।
(ਪੰਨਾ ੧੨੭੯)

ਇਸ ਦੀ ਅਸਥਾਈ ਸੰਤ ਜਥੇ ਇਉਂ ਲਾਉਂਦੇ ਹਨ-
*"ਓ ਬਾਬਾ ਬੈਦ ਰੋਗੀਆਂ ਦਾ ਆ ਗਿਆ।"*

ਹੁਣ ਸੋਚ ਕੇ ਵੇਖੋ। ਜਦੋਂ ਵੈਦ ਗੁਰੂ ਨਾਨਕ ਦੇਵ (ਬਾਬੇ) ਨੂੰ ਬਣਾਇਆ ਤਾਂ ਉਸ ਨੂੰ *'ਭੁੱਲਾ ਵੈਦ'* ਆਖਣਾ, ਬੇਅਦਬੀ ਨਹੀਂ ਤਾਂ ਹੋਰ ਕੀ ਹੈ ? ਅਤੇ ਫੇਰ "ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ" ਆਦਿ ਵਾਕਾਂ ਦੁਆਰਾ ਉਪਦੇਸ਼ ਦੇਣਾ ਮਨਮਤ ਨਹੀਂ ਤਾਂ ਹੋਰ ਕੀ ਹੈ ? ਏਸੇ ਤਰ੍ਹਾਂ *'ਸੰਤ ਪਿਆਰੇ ਰੱਬ ਦੇ ਜਿਉਂ ਪੁੱਤ੍ਰਾਂ ਨੂੰ ਮਾਵਾਂ।'* ਅਸਥਾਈ ਉੱਪਰ "ਸੰਤਾ ਕੇ ਕਾਰਜਿ ਆਪਿ ਖਲੋਇਆ" ਇਹ ਸ਼ਬਦ ਲਾਉਣਾ


www.AKJ.Org

ਕਿੰਨੀ ਸਮੂਰਖਤਾ ਹੈ। "ਉਚ ਅਪਾਰ ਬੇਅੰਤ ਸੁਆਮੀ" ਆਦਿ ਕਈ ਛੋਟੇ ਛੋਟੇ ਸ਼ਬਦ ਤਾਂ ਇਨ੍ਹਾਂ ਦੇ ਅਜਿਹੇ ਮੰਨੇ ਹੋਏ ਹਨ ਜੋ ਸਭਨਾਂ ਬੋਲੀਆਂ ਦੇ ਮੇਚ ਆ ਜਾਂਦੇ ਹਨ।

(ਸਿੰਘ ਸਭਾ ਪਤ੍ਰਿਕਾ, ਮਾਰਚ ੧੯੯੧)

ਇਸ ਕੁਚਾਲ ਨੂੰ ਠੱਲ੍ਹ ਪਾਉਣ ਲਈ ੬, ਨਵੰਬਰ, ੧੯੪੨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਇੱਕ ਮਤਾ ਪਾਸ ਕੀਤਾ ਜੋ ਇਉਂ ਹੈ –

*"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੱਜ ਦੀ ਜਨਰਲ ਇਕੱਤ੍ਰਤਾ ਸਾਰੇ ਪੰਜਾਬ ਵਿੱਚ ਆਮ ਕਰਕੇ ਕਵੀਸ਼ਰਾਂ, ਗਵੱਈਆਂ ਪ੍ਰਚਾਰਕਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਮਨਘੜਤ ਤੁਕਾਂ ਤੇ ਅਯੋਗ ਧਾਰਣਾਂ ਲਾਵਣ ਤੇ ਗੁਰਬਾਣੀ ਤੇ ਗੁਰ-ਇਤਿਹਾਸ ਨੂੰ ਗਲਤ ਪੇਸ਼ ਕਰਨ ਪੁਰ ਦਿਲੀ ਰੰਜ ਪ੍ਰਗਟ ਕਰਦੀ ਹੋਈ ਸਮੂੰਹ ਸੰਬੰਧਿਤ ਗੁਰਦੁਆਰਾ ਕਮੇਟੀਆਂ ਤੇ ਹੋਰ ਸੱਜਣਾਂ ਦਾ ਧਿਆਨ ਇਸ ਪਾਸੇ ਦਿਵਾਉਂਦੀ ਹੈ ਕਿ ਉਹ ਅੱਗੋਂ ਤੋਂ ਕਿਸੇ ਗੁਰਦੁਆਰੇ ਜਾਂ ਧਾਰਮਿਕ ਦੀਵਾਨ ਵਿੱਚ ਗੁਰਬਾਣੀ ਨਾਲ ਬਾਹਰਲੀਆਂ ਪੰਗਤੀਆਂ ਰਲਾ ਕੇ ਨਾ ਪੜ੍ਹਨ ਦੇਣ।"*

ਇਸ ਮਤੇ ਦਾ ਸੰਤਾਂ ਦੀਆਂ ਕੀਰਤਨ ਮੰਡਲੀਆਂ ਤੇ ਕੋਈ ਖਾਸ ਅਸਰ ਨਹੀਂ ਪਿਆ। ਉਹ ਅੱਜ ਤੱਕ ਬਾਹਰਲੀਆਂ ਧਾਰਨਾਂ ਲਾ ਕੇ ਹੀ ਕੀਰਤਨ ਕਰਦੇ ਹਨ। ਇਕ ਵੇਰ ਇੱਕ ਨਾਮ ਧਾਰੀ ਸੰਤ ਦਿੱਲੀ ਵਿਖੇ ਇਉਂ ਹੇਕਾਂ ਲਾ ਰਿਹਾ ਸੀ –

*'ਬਚਨੀ ਨੂੰ ਤੋਰ ਦਿਓ ਤਾਂ ਮੇਰਾ ਮਨ ਮੰਨੇ।'*

ਢੋਲਕੀ ਛੈਣੇ ਖੂਬ ਖੜਕ ਰਹੇ ਸਨ ਅਤੇ ਇਸ ਧਾਰਨਾ ਪਿਛੇ ਭਗਤ ਰਵਿਦਾਸ ਜੀ ਦਾ ਹੇਠਲਾ ਸ਼ਬਦ ਪੜ੍ਹਿਆ ਜਾ ਰਿਹਾ ਸੀ–

ਬਚਨੀ ਤੋਰ, ਮੋਰ ਮਨੁ ਮਾਨੈ,
ਜਨ ਕਉ ਪੂਰਨੁ ਦੀਜੈ।।੧।। (ਪੰਨਾ ੬੫੮)

ਇਸ ਤੁਕ ਦਾ ਭਾਵ ਇਹ ਹੈ ਕਿ ਹੇ ਰਾਮ ! ਮੈਨੂੰ ਦਾਸ ਨੂੰ ਇਹ ਪੂਰਨ ਸਿਦਕ ਬਖਸ਼ ਕਿ ਮੇਰਾ ਮਨ ਤੇਰੀ ਸਿਫਤ-ਸਾਲਾਹ ਦੀਆਂ ਗੱਲਾਂ ਵਿੱਚ ਪਰਚ ਜਾਇਆ ਕਰੇ।

ਪਿਆਰਿਓ ! ਬਾਹਰਲੀਆਂ ਧਾਰਨਾਂ ਤਾਂ ਇਹੋ ਜਿਹਾ ਹੀ ਚੰਦ ਚਾੜ੍ਹਦੀਆਂ ਹਨ।

ਅੱਜ ਕਲ੍ਹ ਬਾਹਰਲੀਆਂ ਧਾਰਨਾਂ ਅਤੇ ਕੱਚੀ ਬਾਣੀ ਵਾਲੀਆਂ ਕੀਰਤਨ ਕੈਸਟਾਂ ਬਾਜ਼ਾਰਾਂ ਵਿੱਚ ਆਮ ਵਿਕ ਰਹੀਆਂ ਹਨ। ਭਾਈ ਕਾਂਸ਼ੀ ਰਾਮ ਦੀ ਰੀਸੇ ਭਾਈ ਹਰਬੰਸ ਸਿੰਘ (ਜਗਾਧਰੀ ਵਾਲੇ) ਅਤੇ ਹੋਰ ਕਈ ਰਾਗੀ ਜਥਿਆਂ ਨੇ ਵੀ ਕੱਚੀ ਬਾਣੀ ਨੂੰ ਆਪਣੀ ਕਮਾਈ ਦਾ ਸਾਧਨ ਬਣਾ ਲਿਆ ਹੈ। ਕੱਚੀ ਬਾਣੀ ਗਾਉਣ ਦੀ ਦਿਨੋ ਦਿਨ ਵਧ ਰਹੀ ਰੁਚੀ ਨੂੰ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਗੁਰਬਾਣੀ ਦੇ ਮੁਕਾਬਲੇ ਕੱਚੀ ਬਾਣੀ ਦੀ ਰਚਨਾ ਗੁਰੂ ਅਮਰਦਾਸ ਜੀ ਦੇ ਵੇਲੇ ਤੋਂ ਹੀ ਚਲੀ ਆ ਰਹੀ ਹੈ। ਗੁਰਬਾਣੀ ਵਿੱਚ ਰਲਾਵਟ ਅੱਜ ਦਿਨ ਤੱਕ ਹੋ ਰਹੀ ਹੈ। ਨਾਨਕ ਮੋਹਰ ਛਾਪ ਹੇਠ ਲਿਖੀਆਂ ਤੁਕਾਂ ਦਾ ਆਮ ਮਨੁੱਖ ਵਾਸਤੇ ਨਿਤਾਰਾ ਕਰਨਾ ਮੁਸ਼ਕਲ ਹੈ ਕਿ ਇਹ ਕੱਚੀ ਬਾਣੀ ਹੈ ਜਾਂ ਸੱਚੀ ਬਾਣੀ–

1. ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।।
2. ਦੂਜਾ ਕਾਹੇ ਸਿਮਰੀਐ ਜੋ ਜੰਮੈ ਤੇ ਮਰ ਜਾਏ
   ਏਕੋ ਸਿਮਰਉ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ।।
3. ਨਾਨਕ ਨੀਵਾਂ ਜੋ ਚਲੈ, ਲਗੈ ਨ ਤਾਤੀ ਵਾਓ।

ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹਨ।

ਔਰੰਗਜ਼ੇਬ ਬਾਦਸ਼ਾਹ ਦੇ ਦਰਬਾਰ ਵਿੱਚ ਬਾਬਾ ਰਾਮ ਰਾਏ ਦੇ **'ਮਿਟੀ ਮੁਸਲਮਾਨ ਕੀ'** ਵਾਲੀ ਤੁਕ ਵਿੱਚ ਕੇਵਲ ਇੱਕ ਸ਼ਬਦ ਮੁਸਲਮਾਨ ਦੀ ਥਾਂ ਬੇਈਮਾਨ ਕਰਨ ਤੇ ਪਿਤਾ ਗੁਰੂ ਹਰਿਰਾਏ ਸਾਹਿਬ ਨੇ ਉਸ ਨੂੰ ਸਾਰੀ ਉਮਰ ਮੂੰਹ ਨਹੀਂ ਸੀ ਲਾਇਆ ਪਰ ਅੱਜ ਆਪੂੰ ਬਣੇ ਬੈਠੇ ਗੁਰੂ ਅਤੇ ਮਹਾਂਪੁਰਸ਼ ਗੁਰਬਾਣੀ ਵਿੱਚ ਰਲਾ ਪਾਉਂਦੇ ਜ਼ਰਾ ਵੀ ਭੈ ਨਹੀਂ ਖਾਂਦੇ।

ਗੁਰਬਾਣੀ ਪੜ੍ਹਨ ਸੁਣਨ ਤੇ ਗਾਉਣ ਦਾ ਮੁੱਖ ਉਦੇਸ਼ ਪ੍ਰਭੂ ਚਰਨਾਂ ਨਾਲ ਲਿਵ ਲਾਉਣਾ ਹੈ ਤਾਂ ਜੋ ਜੀਵਾਤਮਾ (ਜੀਵ-ਆਤਮਾ) ਦਾ ਪਰਮਾਤਮਾ ਨਾਲ ਮੇਲ ਹੋ ਜਾਏ ਅਤੇ ਚੁਰਾਸੀ ਦਾ ਗੇੜ (ਜੰਮਣ ਮਰਨ ਦਾ ਚੱਕਰ) ਖਤਮ ਹੋ ਜਾਏ। ਇਸ ਉਦੇਸ਼ ਦੀ ਪੂਰਤੀ ਲਈ ਸਾਧ-ਸੰਗਤ ਵਿੱਚ ਮਿਲ ਬੈਠ ਕੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਨਾ ਜਾਂ ਸੁਣਨਾ ਬਹੁਤ ਹੀ ਲਾਭਕਾਰੀ ਹੈ। ਆਓ ਅਸੀਂ ਸਤਿਗੁਰੂ ਦੇ ਹੇਠਲੇ ਬਚਨਾਂ ਨੂੰ ਸਦਾ ਯਾਦ ਰੱਖੀਏ।

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ,
ਗਾਵਹੁ ਸਚੀ ਬਾਣੀ।।
ਬਾਣੀ ਤ ਗਾਵਹੁ ਗੁਰੂ ਕੇਰੀ,
ਬਾਣੀਆ ਸਿਰਿ ਬਾਣੀ।। (ਪੰਨਾ ੯੨੦)

■■■■■



www.AKJ.Org

# ਸਿੱਖ ਧਰਮ ਤੇ ਉਸਦੇ ਸਿਧਾਂਤ

(ਡਾ: ਸਰਬਜੋਤ ਕੌਰ)

ਧਰਮ ਦਾ ਇਤਿਹਾਸ ਮਨੁੱਖ ਜਾਤੀ ਦੇ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਮਨੁੱਖਤਾ ਦਾ ਅਧਿਐਨ ਧਰਮ ਦੇ ਅਧਿਐਨ ਬਗੈਰ ਅਧੂਰਾ ਹੈ। ਪ੍ਰੋ: ਮੈਕਸਮੂਲਰ ਦੇ ਕਥਨ ਅਨੁਸਾਰ ਮਨੁੱਖ ਦਾ ਇਤਿਹਾਸ ਧਰਮ ਦਾ ਇਤਿਹਾਸ ਹੈ। ਮਨੁੱਖ ਦੀ ਪਹਿਲੀ ਸੋਚ ਸਵੈ ਰਖਿਆ ਤੇ ਭੋਜਨ ਪ੍ਰਾਪਤ ਕਰਨ ਤੇ ਆਧਾਰਿਤ ਸਮਝੀ ਜਾਂਦੀ ਹੈ। ਮਨੁੱਖ ਆਪਣੀਆਂ ਇਹਨਾਂ ਲੋੜਾਂ ਦੇ ਅਨੁਕੂਲ ਪੜਾਅ-ਦਰ-ਪੜਾਅ ਵਿਕਾਸ ਕਰਦਾ ਗਿਆ। ਜਦੋਂ ਭੀ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਾ ਹੁੰਦਾ ਤਾਂ ਉਹ ਸਧਾਰਨ ਸਾਧਨਾਂ ਦੀ ਥਾਂ ਕਾਲਪਨਿਕ ਅਧਾਰਾਂ ਦਾ ਸਹਾਰਾ ਢੂੰਡਦਾ। ਹੌਲੀ ਹੌਲੀ ਮਨੁੱਖੀ ਵਿਚਾਰ ਪਰਮਨੁੱਖੀ ਤੇ ਪਰਭੌਤਿਕ ਸੱਤਾ ਨੂੰ ਭਾਲਣ ਵਲ ਝੁਕਦੇ ਗਏ। ਜਿਉਂ ਜਿਉਂ ਮਨੁੱਖ ਇਸ ਦੀ ਅਦਭੁੱਤਾ ਨੂੰ ਸਮਝਣ ਦਾ ਯਤਨ ਕਰਦਾ ਰਿਹਾ ਤਿਉਂ ਤਿਉਂ ਉਸਦੀ ਅਸਚਰਜਤਾ ਵੱਧਦੀ ਗਈ ਅਤੇ ਅੰਤ ਵਿਸਮਾਦ ਵਿੱਚ ਆਇਆਂ *'ਨੇਤਿ ਨੇਤਿ'* ਤੋਂ ਵੱਧ ਕੁਝ ਵੀ ਨਾ ਕਹਿ ਸਕਿਆ। ਏਥੋਂ ਧਰਮ ਦਾ ਮੁੱਢ ਬੱਝਾ ਤੇ ਹੌਲੀ ਹੌਲੀ ਇਹ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ। ਮਨੁੱਖ ਅਤੇ ਪਸ਼ੂ ਵਿੱਚ ਮੂਲ ਅੰਤਰ ਹੀ ਧਰਮ ਦੀ ਹੋਂਦ ਜਾਂ ਅਣਹੋਂਦ ਨੂੰ ਸਮਝਿਆ ਜਾਣ ਲੱਗਾ। ਧਰਮ ਵਿੱਚ ਜ਼ਾਤੀ ਜੀਵਨ ਦੇ ਉਹ ਸਿਧਾਂਤ ਅਤੇ ਉਹ ਨਿਯਮ ਸ਼ਾਮਲ ਕੀਤੇ ਗਏ ਜਿਹਨਾਂ ਉੱਤੇ ਚਲ ਕੇ ਮਨੁੱਖੀ ਮਨ ਨੇ ਪ੍ਰਭੂ ਨਾਲ ਇਕਸੁਰ ਹੋਣਾ ਹੈ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿੱਚ ਹਿੰਦੂ, ਇਸਲਾਮ, ਬੁੱਧ, ਜੈਨ ਆਦਿ ਧਰਮ ਪ੍ਰਚਲਤ ਹੋ ਚੁੱਕੇ ਸਨ ਅਤੇ ਹਰ ਧਰਮ ਦੇ ਪੈਰੋਕਾਰ ਆਪੋ ਆਪਣੇ ਢੰਗਾਂ ਨਾਲ ਪ੍ਰਭੂ ਪ੍ਰਾਪਤੀ ਦੇ ਚਾਹਵਾਨ ਵੀ ਸਨ। ਪਰ ਧਰਮ ਦਾ ਮੂਲ *'ਆਤਮਾ ਦੀ ਆਵਾਜ਼'* ਸੰਸਾਰ ਦੇ ਰੌਲੇ ਗੌਲੇ ਵਿੱਚ ਅਣਸੁਣੀ ਹੋ ਗਈ ਸੀ। ਆਤਮਾ ਦੀ ਆਵਾਜ਼ ਪ੍ਰਮਾਤਮਾ ਦੀ ਧੁਨੀ ਦੀ ਪ੍ਰਤਿਧੁਨੀ ਹੁੰਦੀ ਹੈ। ਇਸ ਪ੍ਰਤਿਧੁਨੀ ਨੂੰ ਸੁਣਨ ਲਈ ਅਮਲਾਂ ਵਿੱਚ ਦਲੇ ਹੋਏ ਗਿਆਨ ਦੀ ਲੋੜ ਹੁੰਦੀ ਹੈ। *ਜਦੋਂ ਮਨੁੱਖ ਦੀ ਆਤਮਾ ਆਪਣੇ ਮੂਲ ਸੋਮੇ ਦੇ ਨਿਯਮਾਂ ਦੀ ਉਲੰਘਣਾ ਕਰਦੀ ਹੈ ਤਾਂ ਉਹ ਆਤਮਘਾਤੀ ਤੇ ਪਾਗਲ ਹੋ ਜਾਂਦੀ ਹੈ।*

ਕੁੱਝ ਅਜਿਹੀ ਹੀ ਅਵਸਥਾ ਸੀ ਭਾਰਤ ਦੀ ਆਤਮਾ ਦੀ ਗੁਰੂ ਨਾਨਕ ਆਗਮਨ ਸਮੇਂ। ਗੁਰੂ ਸਾਹਿਬ ਨੇ ਗਿਰਾਵਟ ਦੀ ਡੂੰਘੀ ਖੱਡ ਵਿੱਚ ਡਿੱਗ ਚੁੱਕੀ ਜਨਤਾ ਨੂੰ ਦੇਖਿਆ ਤਾਂ ਆਪ ਦਾ ਹਿਰਦਾ ਤੜਪਿਆ। ਸਾਰੀ ਲੋਕਾਈ ਲਈ ਸਨੇਹ ਜਾਗਿਆ ਅਤੇ ਮਨ ਨੇ ਸਰਬੱਤ ਦਾ ਭਲਾ ਲੋਚਿਆ। ਆਪ ਨੇ ਲੰਮੀਆਂ ਲੰਮੀਆਂ ਯਾਤਰਾਵਾਂ ਕੀਤੀਆਂ ਅਤੇ ਘਰ ਘਰ ਸੱਚ ਦਾ ਸੰਦੇਸ਼ ਪਹੁੰਚਾ ਕੇ ਇਕ ਨਵੇਂ ਧਰਮ ਦੀ ਨੀਂਹ ਰੱਖੀ ਜੋ ਬਾਅਦ ਵਿੱਚ ਸਿੱਖ ਧਰਮ ਅਖਵਾਇਆ। ਸਿੱਖ ਦੇ ਸ਼ਾਬਦਿਕ ਅਰਥ ਹਨ *'ਸਿਖਿਆ ਲੈਣ ਵਾਲਾ'*। ਸਿੱਖ ਧਰਮ ਸਮੂੰਹ ਸਿੱਖਣ ਵਾਲਿਆਂ ਦਾ ਸਤਿ ਦੇ ਖੋਜੀਆਂ ਦਾ ਸਾਂਝਾ ਪਲੇਟਫਾਰਮ ਹੈ। ਸਿੱਖੀ ਦਾ ਆਸ਼ਾ ਹਿੰਦੂਆਂ, ਮੁਸਲਮਾਨਾਂ, ਬੋਧੀਆਂ ਆਦਿ ਨੂੰ ਸਤਿ ਦੀ ਖੋਜ ਲਈ ਇਕ ਲੜੀ ਵਿੱਚ ਪਰੋਣਾ ਤੇ ਫਿਰ ਇਕ ਅਜਿਹੀ ਧਾਰਮਿਕ ਸ਼੍ਰੇਣੀ ਦੀ ਨੀਂਹ ਰੱਖਣਾ ਸੀ ਜੋ ਇੱਕ ਅਕਾਲਪੁਰਖ ਦੇ ਪ੍ਰੇਮ ਤੇ ਮਨੁੱਖ ਮਾਤਰ ਦੀ ਸੇਵਾ ਵਿੱਚ ਮਗਨ ਰਹੇ। ਇਥੇ ਇਕ ਮਹੱਤਵਪੂਰਨ ਨੁਕਤਾ ਸਾਹਮਣੇ ਆਉਂਦਾ ਹੈ ਕਿ ਸਿੱਖੀ ਦਾ ਪਹਿਲਾ ਸਿਧਾਂਤ ਇੱਕ ਅਕਾਲਪੁਰਖ ਵਿੱਚ ਯਕੀਨ ਰੱਖਣਾ ਹੈ। ਹਿੰਦੂ ਧਰਮ ਦੇ ਬ੍ਰਹਮਾ, ਵਿਸ਼ਨੂੰ, ਮਹੇਸ਼ ਆਦਿ ਦੇਵਤਿਆਂ ਦੇ ਵਿਸ਼ਵਾਸ਼ ਨੂੰ ਨਕਾਰਦਿਆਂ ਗੁਰੂ ਨਾਨਕ ਦੇਵ ਜੀ ਨੇ ੧ਓ ਦਾ ਨਾਹਰਾ ਲਾਇਆ। *'ਇੱਕ'* ਪ੍ਰਮਾਤਮਾ ਵਿੱਚ *'ਇੱਕ'* ਪਹਿਲਾਂ ਹੈ ਅਤੇ ਓਅੰਕਾਰ ਮਗਰੋਂ ਹੈ-੧ਓ। ਗੁਰਮਤਿ ਅਨੁਸਾਰ ਬ੍ਰਹਮਾ, ਵਿਸ਼ਨੂੰ, ਸ਼ਿਵ *'ਏਕੰਕਾਰ'* ਵਿਚੋਂ ਉਪਜੇ ਹਨ।

ਓਅੰਕਾਰਿ ਬ੍ਰਹਮਾ ਉਤਪਤਿ।।
ਓਅੰਕਾਰੁ ਕੀਆ ਜਿਨਿ ਚਿਤਿ।।
ਓਅੰਕਾਰਿ ਸੈਲ ਜੁਗ ਭਏ।।
ਓਅੰਕਾਰਿ ਬੇਦ ਨਿਰਮਏ।। (ਪੰਨਾ ੯੨੯)

ਏਸੇ *'ਏਕੰਕਾਰੀ ਬਿਰਤੀ'* ਕਰਕੇ ਸਿੱਖ ਧਰਮ ਕਿਸੇ ਪ੍ਰਕਾਰ ਦੀ ਵੰਡ-ਜਾਤ, ਰੰਗ, ਨਸਲ, ਧਰਮ, ਦੇਸ਼, ਅਮੀਰੀ, ਗਰੀਬੀ ਆਦਿ ਨੂੰ ਨਹੀਂ ਸਵੀਕਾਰਦਾ। ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਸਮੁੱਚੇ ਭਾਰਤ ਵਿੱਚ ਊਚ-ਨੀਚ, ਜਾਤ-ਪਾਤ, ਸ਼ੂਦਰ-ਬ੍ਰਾਹਮਣ ਦੇ ਵਖਰੇਵੇਂ ਆਮ ਪ੍ਰਚਲਤ ਸਨ। ਗੁਰੂ ਜੀ ਨੇ ਇੱਕ ਨੂਰ ਤੋਂ ਸਭ ਜਗ ਪੈਦਾ ਹੋਣ ਦੀ ਗੱਲ ਕਰਦਿਆਂ ਆਪਣਾ ਸਾਥੀ ਨੀਵੀਂ ਜਾਤ ਦਾ ਭਾਈ ਮਰਦਾਨਾ ਚੁਣ ਕੇ ਗਲੇ ਨਾਲ ਲਾਇਆ। ਸਿੱਖਾਂ ਲਈ ਸੰਗਤ ਦੇ ਨਾਲ ਨਾਲ ਪੰਗਤ ਵੀ ਲਾਜ਼ਮੀ ਕਰ ਦਿੱਤੀ। ਸੰਗਤ ਵਿੱਚ ਸੱਚੇ ਗੁਰੂ ਦੇ



www.AKJ.Org

ਗਿਆਨ ਨਾਲ ਮਨ ਹਰਾ ਭਰਾ ਤੇ ਮਜ਼ਬੂਤ ਹੁੰਦਾ ਹੈ ਅਤੇ ਲੰਗਰ ਵਿੱਚ ਇਕੱਠੇ ਪਰਸ਼ਾਦਾ ਛਕਣ ਨਾਲ ਇਕੋ ਪਰਿਵਾਰ ਦੇ ਮੈਂਬਰ ਹੋਣ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਸਿੱਖ ਧਰਮ ਅਤੇ ਸਿੱਖ ਦਰਸ਼ਨ ਸਭ ਦੇਸ਼ਾਂ, ਕੌਮਾਂ, ਫਿਰਕਿਆਂ, ਔਰਤਾਂ, ਮਰਦਾਂ ਲਈ ਸਾਂਝਾਂ ਹੈ। ਇਸ ਵਿੱਚ ਸੰਪਰਦਾਇਕਤਾ ਤੇ ਮਜ਼ਹਬੀ ਖਿੱਚੋਤਾਣ ਨਹੀਂ। ਇਥੇ *'ਇਕ'* ਤੋਂ ਉਪਜੇ ਸਭ *'ਇਕ'* ਹਨ। ਇਥੇ ਇੱਕ ਗੱਲ ਵਿਸ਼ੇਸ਼ ਧਿਆਨ ਗੋਚਰੇ ਹੈ ਕਿ ਸਾਡੇ ਸਮਾਜ ਵਿੱਚ ਜਿਥੇ ਨੀਵੀਆਂ ਜ਼ਾਤਾਂ ਦੇ ਲੋਕਾਂ ਨੂੰ ਮਾੜਾ ਸਮਝਿਆ ਜਾਂਦਾ ਸੀ ਉਥੇ ਔਰਤ ਨੂੰ ਵੀ ਕੋਈ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਸੀ। ਉਸਨੂੰ ਸਾਰੇ ਹੀ ਧਰਮਾਂ ਵਾਲੇ ਕਿਸੇ ਨਾ ਕਿਸੇ ਢੰਗ ਨਾਲ ਤ੍ਰਿਸਕਾਰਦੇ ਸਨ। ਕੋਈ ਉਸ ਨੂੰ ਨਸ਼ੀਲੀ ਸ਼ਰਾਬ ਤੇ ਕੋਈ ਮਾਰੂ ਜ਼ਹਿਰ ਦਸਦਾ ਸੀ। ਮਹਾਤਮਾ ਬੁੱਧ ਜਿਹਨਾਂ ਨੂੰ ਏਸ਼ੀਆ ਦਾ ਚਾਨਣ ਕਹਿ ਕੇ ਸਤਿਕਾਰਿਆ ਜਾਂਦਾ ਹੈ, ਨੇ ਵੀ ਧਰਮ ਵਿੱਚ ਇਸਤਰੀ ਦੇ ਦਾਖਲੇ ਨੂੰ ਹਾਨੀਕਾਰਕ ਸਮਝਿਆ ਹੈ। ਈਸਾਈ ਮਤ ਵੀ ਧਾਰਮਿਕ ਪੁਰਸ਼ਾਂ ਨੂੰ ਇਸਤਰੀ ਤੋਂ ਦੂਰ ਰਹਿਣ ਦੀ ਸਲਾਹ ਦਿੰਦਾ ਹੈ। ਸੇਂਟ ਪਾਲ ਲਿਖਦੇ ਹਨ ਕਿ ਚੰਗਾ ਹੈ ਜੇ ਮਰਦ ਇਸਤਰੀ ਨੂੰ ਛੂਹਵੇ ਵੀ ਨਾ। ਸੁਕਰਾਤ, ਅਰਸਤੂ ਵਰਗੇ ਚਿੰਤਕਾਂ ਨੇ ਵੀ ਇਸਤਰੀ ਨੂੰ ਅਧੂਰਾ ਇਨਸਾਨ ਆਖਿਆ ਹੈ ਪਰ ਸਿੱਖ ਧਰਮ ਮਨੁੱਖ ਦੇ ਜੀਵਨ ਵਿੱਚ ਇਸਤਰੀ ਦੀ ਮਹੱਤਤਾ ਨੂੰ ਚੰਗੀ ਤਰ੍ਹਾਂ ਉਘਾੜਦਾ ਹੈ। ਇਸਤਰੀ ਦਾ ਸਤਿਕਾਰ ਤਾਂ ਰਾਜਿਆਂ ਮਹਾਰਾਜਿਆਂ ਨਾਲੋਂ ਵੀ ਜ਼ਿਆਦਾ ਹੋਣਾ ਚਾਹੀਦਾ ਹੈ ਕਿਉਂਕਿ ਉਹ ਉਹਨਾਂ ਦੀ ਜਨਮ-ਦਾਤੀ ਹੈ। ਇਤਿਹਾਸ ਵਿੱਚ ਪੜ੍ਹਦੇ ਹਾਂ ਕਿ ਅਕਬਰ ਨੇ ਸਤੀ-ਪ੍ਰਥਾ ਦਾ ਵਿਰੋਧ ਕੀਤਾ ਪਰ ਅਕਬਰ ਦੇ ਹੁਕਮਾਂ ਤੋਂ ਪਹਿਲਾਂ ਹੀ ਸਿੱਖ ਧਰਮ, ਸਤੀ ਪ੍ਰਥਾ, ਘੁੰਡ ਕੱਢਣ ਆਦਿ ਦੇ ਖਿਲਾਫ਼ ਆਵਾਜ਼ ਉਠਾ ਚੁੱਕਾ ਸੀ। ਦਸਮ ਪਾਤਸ਼ਾਹ ਦੇ ਸਮੇਂ ਜਦੋਂ ਅੰਮ੍ਰਿਤ ਛਕਾਉਣ ਦਾ ਸਮਾਂ ਆਇਆ ਤਾਂ ਬੀਬੀਆਂ ਨੂੰ ਵੀ ਸਿੰਘਾਂ ਦੇ ਨਾਲ ਬੈਠ ਕੇ ਅੰਮ੍ਰਿਤ ਪਾਨ ਕਰਨ ਲਈ ਕਿਹਾ ਗਿਆ। ਇਹ ਸਾਰਾ ਵਿਸਥਾਰ ਇਹ ਸਾਬਤ ਕਰਦਾ ਹੈ ਕਿ ਸਿੱਖ ਧਰਮ ਕਿਸੇ ਵੀ ਪ੍ਰਕਾਰ ਦੇ ਵਖਰੇਵੇਂ ਵਿੱਚ ਯਕੀਨ ਨਹੀਂ ਰੱਖਦਾ।

ਸਿੱਖ ਧਰਮ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਸੈਂਕੜੇ ਸੁਧਾਰਕ, ਪ੍ਰਚਾਰਕ ਤੇ ਆਤਮਵੇਤਾ ਹੋ ਚੁੱਕੇ ਸਨ ਪਰ ਸਾਰੇ ਹੀ ਜੀਵਨ ਦੀ ਖਿੰਨਭੰਗਤਾ ਤੋਂ ਇਤਨੇ ਪ੍ਰਭਾਵਿਤ ਸਨ ਕਿ ਸੰਸਾਰ ਉਹਨਾਂ ਨੂੰ ਤੱਤਹੀਣ ਲੱਗਦਾ ਸੀ ਤੇ ਉਹ ਇਸ ਤੋਂ ਛੁਟਕਾਰਾ ਪਾਉਣ ਵਿੱਚ ਹੀ ਕੁਸ਼ਲਤਾ ਸਮਝਦੇ ਸਨ ਪਰ ਸਿੱਖ ਧਰਮ ਅਨੁਸਾਰ ਸੰਸਾਰ ਹਰੀ ਦਾ ਰੂਪ ਹੈ ਤੇ ਇਸ ਵਿਚ ਹਰੀ ਦਾ ਹੀ ਵਾਸਾ ਹੈ।

ਇਹ ਜਗੁ ਸਚੈ ਕੀ ਹੈ ਕੋਠੜੀ
ਸਚੇ ਕਾ ਵਿਚਿ ਵਾਸੁ।।

(ਪੰਨਾ ੪੬੩)

ਪ੍ਰਮਾਤਮਾ ਜਗਤ ਦੇ ਕਣ ਕਣ ਵਿੱਚ ਰਮਿਆ ਹੋਇਆ ਹੈ। ਉਸ ਨੇ ਆਪ ਹੀ ਸੰਸਾਰ ਪੈਦਾ ਕੀਤਾ ਹੈ ਤੇ ਫਿਰ ਆਪ ਹੀ ਉਸ ਵਿੱਚ ਬੈਠ ਕੇ ਇਸ ਦਾ ਕਾਰਜ ਚਲਾਉਂਦਾ ਹੈ ਤੇ ਫਿਰ ਆਪ ਹੀ ਇਸ ਦੀ ਸਮੁੱਚੀ ਕਾਰਵਾਈ ਨੂੰ ਵਾਚਦਾ ਹੈ-

ਸਭ ਹੋਈ ਛਿੰਝ ਇਕਠੀਆ
ਦਯੁ ਬੈਠਾ ਵੇਖੈ ਆਪਿ ਜੀਉ।।੧੭।।

(ਪੰਨਾ ੭੪)

ਇਸ ਲਈ ਸਿੱਖ ਸੰਸਾਰ ਨੂੰ ਕੱਜਲ ਦੀ ਕੋਠੜੀ ਜਾਂ ਸਜ਼ਾ ਭੁਗਤਣ ਦੀ ਜਗ੍ਹਾ ਨਹੀਂ ਸਮਝਦਾ ਸਗੋਂ ਇਸ ਵਿਚੋਂ ਕਾਦਰ ਦੇ ਦਰਸ਼ਨ ਲੋਚਦਾ ਹੈ। ਇਸ ਲੋਚਾ ਨੂੰ ਪੂਰਾ ਕਰਨ ਲਈ ਉਸ ਨੂੰ ਗੁਰੂ ਦੀ ਲੋੜ ਮਹਿਸੂਸ ਹੁੰਦੀ ਹੈ। ਸਿੱਖ ਧਰਮ *'ਗੁਰੂ ਦੀ ਲੋੜ'* ਤੇ ਬਹੁਤ ਜ਼ੋਰ ਦਿੰਦਾ ਹੈ। ਅਸਲ ਵਿੱਚ ਸਿੱਖ ਅਖਵਾਉਣ ਦੀ ਪਹਿਲੀ ਸ਼ਰਤ ਹੀ ਗੁਰੂ ਦੀ ਸਿਖਿਆ ਲੈਣੀ ਹੈ।

ਗੁਰ ਦੀਖਿਆ ਲੈ ਸਿਖ ਸਦਾਇਆ (ਭਾਈ ਗੁਰਦਾਸ)

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸਿੱਖ ਧਰਮ ਕਿਸ ਗੁਰੂ ਵਿੱਚ ਯਕੀਨ ਰੱਖਦਾ ਹੈ ? ਇਸ ਦਾ ਇਕ ਟੁਕ ਜੁਆਬ ਹੈ- ਸ਼ਬਦ ਗੁਰੂ ਵਿਚ। ਗੁਰੂ ਨਾਨਕ ਦੇਵ ਜੀ ਦਾ ਯਕੀਨ ਸੀ ਕਿ ਸ਼ਬਦ ਗੁਰੂ ਰਾਹੀਂ ਹੀ ਬ੍ਰਹਿਮੰਡੀ ਸ਼ਬਦ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਗੁਰੂ ਤੋਂ ਭਾਵ ਉਹ ਮਹਾਨ ਆਤਮਿਕ ਸ਼ਕਤੀ ਹੈ ਜੋ ਪ੍ਰਮਾਤਮਾਂ ਵਲੋਂ ਮਨੁੱਖ ਮਾਤਰ ਦੇ ਕਲਿਆਣ ਲਈ ਸਦੀਵ ਕਾਲ ਵਾਸਤੇ ਨਿਸਚਿਤ ਹੋਈ ਹੈ। ਗੁਰੂ ਸ਼ਬਦ ਦੇ ਦੋ ਭਾਗ ਹਨ- ਗੁ ਤੇ ਰੂ। *'ਗੁ'* ਦੇ ਅਰਥ ਹਨ ਅੰਧੇਰਾ ਤੇ *'ਰੂ'* ਹੈ ਚਾਨਣ। ਸੋ ਗੁਰੂ ਦੇ ਸ਼ਾਬਦਿਕ ਅਰਥ ਹੋਏ ਹਨ੍ਹੇਰੇ ਵਿੱਚ ਚਾਨਣ ਕਰਨ ਵਾਲੀ ਸਤਿਆ। ਅਧਿਆਤਮ ਮੰਡਲ ਵਿਚ ਮਨੁੱਖ ਨੂੰ ਹਨ੍ਹੇਰਾ ਭਰਮ ਤੇ ਅਗਿਆਨਤਾ ਦਾ ਹੈ ਜਿਸ ਨੂੰ ਦੂਰ ਕਰਨ ਲਈ ਗੁਰੂ ਹੀ ਸਮਰੱਥ ਹੈ :

ਗੁਰ ਬਿਨੁ ਘੋਰੁ ਅੰਧਾਰੁ,



www.AKJ.Org

ਗੁਰੂ ਬਿਨੁ ਸਮਝ ਨ ਆਵੈ।।
ਗੁਰ ਬਿਨੁ ਸੁਰਤਿ ਨ ਸਿਧਿ,
ਗੁਰੂ ਬਿਨੁ ਮੁਕਤਿ ਨ ਪਾਵੈ।।

(ਪੰਨਾ ੧੩੯੯)

ਗੁਰੂ ਕੋਈ ਦੇਹਧਾਰੀ ਜਾਂ ਬਾਹਰਮੁਖੀ ਆਸ਼ੇ ਵਾਲਾ ਵਿਅਕਤੀ ਨਾ ਹੋ ਕੇ ਅਕਾਲ ਪੁਰਖ ਵਲੋਂ ਮਨੁੱਖੀ ਕਲਿਆਣ ਲਈ ਨਿਸ਼ਚਿਤ ਕੀਤਾ ਕੋਈ ਆਤਮਿਕ ਪੱਧਰ ਦਾ ਸਾਧਨ ਹੈ। ਵਿਅਕਤੀ ਗੁਰੂ ਨਹੀਂ, ਸਿਧਾਂਤ ਜਾਂ ਸ਼ਬਦ ਗੁਰੂ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਦੀ ਇਹ ਅਤਿ ਸੂਖਮ ਤੇ ਰਹੱਸਵਾਦੀ ਅਸਲੀਅਤ ਨੂੰ ਸਮਝ ਸਕਣਾ ਕਠਿਨ ਕੰਮ ਹੈ ਪਰ ਫਿਰ ਵੀ ਸਿੱਖ ਧਰਮ ਵਿੱਚ ਗੁਰਬਾਣੀ, ਜੋ ਗੁਰੂ ਰੂਪ ਹੈ, ਗੁਰੂ ਬਾਰੇ ਠੀਕ ਗਿਆਨ ਜਾਂ ਸੂਝ ਪ੍ਰਾਪਤ ਕਰਨ ਦਾ ਸਭ ਤੋਂ ਸਾਰਥਕ ਸੋਮਾ ਹੈ।

ਗੁਰ ਮੂਰਤਿ ਗੁਰ ਸਬਦ <u>ਹੈ।।</u> ___
ਸਬਦ ਗੁਰੂ ਗੁਰ ਜਾਣੀ<u>ਐ।।</u> ___
ਬਾਣੀ ਗੁਰੂ ਗੁਰੂ ਹੈ ਬਾ<u>ਣੀ।।</u> ___

ਦੇਹ ਕਿਉਂਕਿ ਬਿਨਸਨਹਾਰ ਹੈ ਇਸ ਲਈ ਗੁਰੂ ਦੀ ਦੇਹ ਨਹੀਂ *ਸ਼ਬਦ ਜੋਤ'* ਅਮਰ ਤੇ ਇਕ ਰਸ ਹੈ। ਇਸ ਵਿਚ ਕੋਈ ਤਬਦੀਲੀ ਨਹੀਂ ਵਾਪਰਦੀ। ਗੁਰੂ ਦਾ ਇਕ ਮਹੱਤਵਪੂਰਨ ਲੱਛਣ ਹੈ -

ਸਤਿਗੁਰੁ ਮੇਰਾ ਸਦਾ ਸਦਾ
ਨਾ ਆਵੈ ਨਾ ਜਾਇ।।
ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ।।੧੩।।

(ਪੰਨਾ ੭੫੯)

ਇਹ ਕੇਵਲ ਸ਼ਬਦ ਗੁਰੂ ਰਾਹੀਂ ਹੀ ਸੰਭਵ ਹੈ। ਸ਼ਬਦ ਗੁਰੂ ਦੇ ਇਸ ਸਿਧਾਂਤ ਨੂੰ ਦ੍ਰਿੜਾਉਣ ਲਈ ਗੁਰੂ ਨਾਨਕ ਸਾਹਿਬ ਨੇ ਦਸ ਜਾਮੇ ਬਦਲੇ ਤਾਂ ਜੁ ਸਿੱਖਾਂ ਨੂੰ ਗੁਰੂ ਦੇ ਜੋਤਿ-ਰੂਪ ਹੋਣ ਦੀ ਦ੍ਰਿੜ੍ਹਤਾ ਆ ਸਕੇ ਤੇ ਗੁਰੂ ਦੇ ਸਰੀਰਕ ਜਾਮਿਆਂ ਬਾਰੇ ਠੀਕ ਗਿਆਨ ਹੋ ਸਕੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਦੇ ਸਰੀਰਕ ਜਾਮਿਆਂ ਦੁਆਰਾ *'ਗੁਰੂ-ਜੋਤਿ'* ਦੇ ਕਈ ਕ੍ਰਿਸ਼ਮੇ ਵਰਤੇ ਪਰ ਗੁਰੂ ਦੇ ਸਰੀਰਕ ਜਾਮੇ ਗੁਰੂ ਜੋਤਿ ਦੇ ਪ੍ਰਗਟਾਅ ਤੇ ਗੁਰੂ ਜੁਗਤਿ ਵਰਤਾਉਣ ਦਾ ਮਾਧਿਅਮ ਹੀ ਸਨ। ਸਮੇਂ ਨਾਲ ਸਰੀਰ ਬਦਲਦੇ ਰਹੇ ਪਰ ਗੁਰੂ-ਜੋਤਿ ਤੇ ਗੁਰੂ -ਜੁਗਤਿ ਸਦਾ ਇਕਸਾਰ ਰਹੀ।

ਜੋਤਿ ਓਹਾ, ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ।।

(ਪੰਨਾ ੯੬੬)

ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਅਜਿਹੀ ਕੋਈ ਵੀ ਮਿਸਾਲ ਨਹੀਂ ਮਿਲਦੀ ਜਿਸ ਵਿਚ ਕਿਸੇ ਵਲੀ, ਪੀਰ ਪੈਗੰਬਰ ਜਾਂ ਅਵਤਾਰ ਨੇ ਆਪਣੀ ਆਤਮਿਕ ਸ਼ਕਤੀ ਇੰਨ-ਬਿੰਨ ਸਮਾਨ ਰੂਪ ਵਿੱਚ ਹੋਰ ਵਿਅਕਤੀਆਂ ਵਿਚ ਪ੍ਰਗਟਾਅ ਕੇ ਉਹਨਾਂ ਨੂੰ ਗੁਰੂ ਰੂਪ ਕੀਤਾ ਹੋਵੇ। ਜਦੋਂ ਸਿੱਖਾਂ ਨੇ ਸ਼ਬਦ ਗੁਰੂ ਦਾ ਸਿਧਾਂਤ ਪੂਰੀ ਤਰ੍ਹਾਂ ਦ੍ਰਿੜ੍ਹ ਕਰ ਲਿਆ ਤਾਂ ਦਸਵੇਂ ਗੁਰੂ ਨਾਨਕ ਨੇ ਗੁਰਬਾਣੀ ਨੂੰ ਗੁਰਗੱਦੀ ਦੇ ਦਿੱਤੀ ਤੇ ਨਾਲ ਹੀ ਗੁਰੂ ਸ਼ਬਦ ਦੇ ਪ੍ਰਸਾਰ ਲਈ ਰਹਿਤਵਾਨ, ਤਿਆਰ-ਬਰ-ਤਿਆਰ, ਗੁਰ-ਜੋਤਿ ਨਾਲ ਇਕਸਾਰ ਹੋਏ ਪੰਜਾਂ ਪਿਆਰਿਆਂ ਨੂੰ ਜੁਗਤਿ ਵਰਤਾਉਣ ਦਾ ਅਧਿਕਾਰ ਦੇ ਦਿੱਤਾ। ਜਿਵੇਂ ਗੁਰੂ ਜੋਤਿ ਗੁਰੂ ਦੇ ਸਰੀਰਕ ਜਾਮਿਆਂ ਦੁਆਰਾ ਪ੍ਰਤਿਬਿੰਬਤ ਹੁੰਦੀ ਰਹੀ ਤਿਵੇਂ ਹੀ ਹੁਣ ਗੁਰੂ ਜੋਤਿ ਪੰਜਾਂ ਪਿਆਰਿਆਂ, ਪੰਥ ਰਾਹੀਂ ਪ੍ਰਕਾਸ਼ਦੀ ਹੈ। ਗੁਰੂ ਜਾਮੇ ਬਦਲਦੇ ਰਹੇ, ਪਰ ਗੁਰੂ-ਜੋਤਿ ਇਕਸਾਰ ਰਹੀ, ਤਿਵੇਂ ਹੀ ਵਿਅਕਤੀ ਬਦਲਦੇ ਰਹਿਣਗੇ ਪਰ ਗੁਰ-ਸ਼ਬਦ ਤੇ ਗੁਰ-ਜੁਗਤਿ ਅਟੱਲ ਰਹਿਣਗੇ।

ਗੁਰੂ ਨਾਨਕ ਦੇਵ ਜੀ ਨੇ ਸਿੱਖੀ ਪ੍ਰੇਮ ਮਾਰਗ ਤੇ ਚੱਲਣ ਲਈ ਪਹਿਲੀ ਸ਼ਰਤ ਸਿਰ ਤਲੀ ਤੇ ਰੱਖਣ ਦੀ ਰੱਖੀ ਸੀ।

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।

(ਪੰਨਾ ੧੪੧੨)

ਇਸੇ ਲੀਹ ਨੂੰ ਅੱਗੇ ਤੋਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਪਰਤੱਖ ਰੂਪ ਵਿਚ ਸੀਸ ਦੀ ਮੰਗ ਕੀਤੀ ਤੇ ਫਿਰ ਸੀਸ ਭੇਟ ਕਰਨ ਵਾਲਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ *'ਪਿਆਰੇ'* ਦਾ ਖਿਤਾਬ ਬਖਸ਼ਿਆ। ਅੰਮ੍ਰਿਤ ਦਾ ਮਹੱਤਵ ਦਰਸਾਉਣ ਵਾਸਤੇ ਆਪ ਵੀ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛੱਕਿਆ। ਪਹਿਲਾਂ ਰਹਿਤ ਦ੍ਰਿੜ੍ਹ ਕਰਵਾਈ, ਫਿਰ ਰਹਿਤ ਦ੍ਰਿੜ੍ਹ ਕੀਤੀ। 'ਆਪੇ ਗੁਰ ਚੇਲਾ' ਦਾ ਨਜ਼ਾਰਾ ਸਿੱਖਾਂ ਨੇ ਪਰਤੱਖ ਦੇਖਿਆ। ਅੰਮ੍ਰਿਤ ਦੀ ਰਹਿਤ ਨਾਲ ਸਿੱਖ ਜਾਤੀ ਅਤੇ ਜਮਾਤੀ ਤੌਰ ਤੇ ਉੱਚਾ ਹੋ ਜਾਂਦਾ ਹੈ। ਅੰਮ੍ਰਿਤ ਦੀ ਰਹਿਤ ਉਸ ਨੂੰ *'ਖਾਲਸਾ'* ਪਦ ਤੱਕ ਪਹੁੰਚਾਉਂਦੀ ਹੈ। ਖਾਲਸਾ ਦਾ ਭਾਵ ਹੈ ਖਾਸ ਵਾਹਿਗੁਰੂ ਜੀ ਕਾ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦਾ ਵਾਰਸ ਬਣ ਜਾਂਦਾ ਹੈ।

(ਬਾਕੀ ਪੰਨਾ ੩੯ ਤੇ......)



www.AKJ.Org

# SIKHS AND ORGANIZATION

(Prof.Teja Singh)

When Yogis asked Guru Nanak to work a miracle, he replied that in carrying on his mission he relied on nothing but the Word and the Assembly. Wherever he went, he left behind him a sangat or association of his followers, with an injunction to build a Gurdwara or temple for the purpose of meeting and singing his hymns together. So that in a short while there sprang up a network of Sikh temples all over the country. There were centres of his mission in Junagarh, Kamrup, Surat, Cuttack, Behar, Joher (Sbathu), Nanakmata (Kumaon Hills) Khatmandu, Persian Gulf, Kabul, Jalalabad and other places. Many of these temples, such as the Nanakbara at Surat, Nanakmata in Kumaon, inspite of long isolation, are still intact, although most of the incumbents of these places are not conversant with the Sikh scriptures or Sikh thought. Remnants of old sangats still exist in Colombo, Madras, Satur Kanjliban, Adilabad in Hyderabad Deccan, Mirzapur Deccan, Chittagong, Dhubri in Assam and other places in the East, founded by Guru Teg Bahadur or Diwan Mahan Singh of Patna. Very old copies of Guru Granth Sahib and autograph letters of Guru Gobind Singh addressed to different sangats, are found at these places. From the Var XI of Bhai Gurdas we get a list of prominent Sikhs who lived in Kabil, Kashmir, Sarhind, Thanesar, Delhi, Fatehpur Sikri, Agra, Gwalior, Ujjain, Burhanpur, Gurjrat, Suhand, Lucknow, Piragraj, Jaunpur, Patna, Raj mahal, Dacca and other places. In an old manuscript copy of Guru Granth Sahib, written in 1675, is found the stroy of a Sikh's travels in the Deccan, called Hakikat Rah Mukam, from which we gather something about the Sikh sangats and temples scattered over Southern India and Ceylon.

Each sangat was in charge of a leader appointed by the Guru. The position of this leader as we learn from the life of Guru Nanak written by Sewa Das in about 1588 was called `manji', as he sat on a manji or cot when preaching to the pepole. Bhai Lallo was preaching in the North and Sheikh Sajjan in the South-West of the Punjab. Gopal Das was in Benranas, Jhanda Badi in Bushair, Budhan Shah in Kiratpur, Mahi in Mahisar, Kaljug priest's son in Jaggannath, Devlut in Lusai (Tibet), Salis Rai in Patna and Behar, Raja Shivnath in Ceylon, and a host of other workers were scattered over the whole territory visited by Guru Nanak. Connection with the centre was kept up by the constant visits of Sikhs to the Guru.

After Guru Nanak, through the creation of twenty-two `manjis' or diocese and fify-two `pirahes', the mission work became more regular, but the sphere of its activity became narrow, as the forces it had created in the Punjab required the constant presence of the Guru there. The organization of the Sikhs had gradually progressed unmarked until under Guru Arjan it became a power to be


www.AKJ.Org

counted with. Each district was under a masand whose duty was to preach religion and be responsible to the Guru for the Sikh organizations in his diocese. At the end of year, on the Baisakhi day, he was to come to the Guru with a company of Sikhs to render account of the offerings received and to report on the progress of Sikhism. Amritsar with the Golden Temple and the sacred Book installed in it, became the central place for the Sikhs. The Guru was the central unifying personality and, in spite of the change in succession was held to be one and the same as his predecessors. The love existing between the Guru and the Sikhs was more intense than has ever existed between most romantic lovers of the world. But the homage paid to the Guru was made impersonal by creating a mystic unity between the Sikh and the Guru on the one hand and the Guru and Word on the other . Greatest respect began to be paid to the incorporated Word (SHABAD, even the Guru choosing for himself a seat lower than that of the Scripture. The Sikh Assemblies also acquired great sanctity owing to the belief that the spirit of the Guru lived and moved in them. They began to assume higher and higher authority, until collectively the whole body called the Panth came to be considered as an embodiment of the Guru, Guru Gobind Singh himself received baptism from the Sikhs initiated by himself. After him, the Sikhs ceased to have any personal Guru. They could name Guru Nanak and Guru Panth in the same breath. The 'Sarbat Khalsa' or the whole Sikh people met once at least at Amritsar on the occasion of the Diwali and felt that they were one. All questions of public interest were determined by the resolutions or `gurmattas' of assemblies which existed everywhere; and these gurmattas, when passed, were supposed to have received Guru's sanction. Even ordinary breaches of the rules of conduct were punished in such representative meetings and no person, however high-placed, was above the jurisdiction of such conclaves.

It was the organization of the Sikhs that turned the Moghul Government against them and it was their organization that saved them in times of persecution, when prices were laid on their heads, when to grow long hair was held a crime, their presence in cities was banned and they had to roam about in jathas in the deserts of Rajputna or in the forests of Northern Punjab. The daily prayer of the Sikhs with the words, "May God's protection and grace extend to all the bodies of the Khalsa, wherever they are," still pathetically reminds them of the time when their sacred places were in the hands of others or were desecrated by the foreigners, and their associations were cut off from the centre with no link of union except this Prayer.

It was their peculiar democratic organization that in the days of the missals developed a federal form of government among them. Every Sikh was free and was a substantive member of the Khalsa. But their positions and their abilities were different and unequal.


www.AKJ.Org

Therefore, feeling that all could not lead, they unconsciously developed a confederate system in which different groups of people elected willingly to serve under a leader.

It was the destruction of this democratic spirit under the imperialistic Maharaja Ranjit Singh that undermined the Panthic strength and missionary activity of the Sikhs. It was then, and not during Farrukh Siyer's days of wholesale persecution that Sikhism suffered the greatest harm. For Sikhism can work best through associations, when different equal individualities are gathered up into one. Even the Sikh Prayer is not indiviualistlc, It is from all and for all. There is no word for which other communities can rally themselves as a whole. The Catholics have got the word Church, but it cannot include all the functions of a nation, its history, its military, wordly and relgious units into one. But the word 'Khalsa' includes all the institutions and activites of the Sikhs into one whole. There are all possibilities for the Sikhs as long as they can feel that they are the Khalsa. Even Maharaja Ranjit Singh, in order to succeed with the Sikhs, had to keep up the forms and conventions of the Khalsa. When after him there came confusion and no stable head was allowed to rule for a long time, it was the regimental panchayats, formed of country representatives, that maintained some form of Government.

Look at the activities of the Sikhs even outside India, in Malaya, China, or Canada and you will find an ample proof of the Sikh's love for organization. They are a meeting people; and even when there are only two or three individuals, they will seek occasion to meet and please themselves by singing a few hymns together. If they find themselves larger in number, they will surely found a temple and an association to meet therein. With this instinct in them and the traditions behind them, whenever they have found freedom to think about themselves, they have sought to form themselves into jathas or diwans in oder to carry out the required.propaganda. ■■■■■

(ਪੰਨਾ ੩੬ ਦਾ ਬਾਕੀ.......)

ਖਾਲਸਾ ਕਿਸੇ ਇਕ ਜਾਂ ਦੋ ਵਿਅਕਤੀਆਂ ਦਾ ਨਾਮ ਨਹੀਂ ਸਗੋਂ ਉੱਚ ਆਤਮਕ ਅਵਸਥਾ ਹੈ। ਵੇਖਣ ਵਿੱਚ ਉਹ ਆਮ ਮਨੁੱਖ ਵਾਂਗ ਹੀ ਜਾਪਦਾ ਹੈ ਪਰ ਉਸ ਦੇ ਆਦਰਸ਼ ਬੜੇ ਨਿਆਰੇ ਹਨ। ਉਹ ਪੂਰਨ ਸੰਸਾਰਿਕ ਜੀਵਨ ਜਿਉਂਦਾ ਵੀ ਰਸਾਂ ਕਸਾਂ ਤੋਂ ਨਿਰਲੇਪ ਰਹਿੰਦਾ ਹੈ।

ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ
ਜਿਉ ਮੁਰਗਾਈ ਪੰਕੁ ਨ ਭੀਜੈ ॥੨॥ (ਪੰਨਾ ੧੩੨੪)

ਉਸ ਦੇ ਇਖ਼ਲਾਕ ਦਾ ਆਧਾਰ ਮੁਕਤੀ ਨਾ ਹੋ ਕੇ ਚੰਗੇਰੇ ਜੀਵਨ ਦਾ ਸਿਧਾਂਤ ਹੈ। ਉਸ ਦੀ ਕਰਨੀ ਤੇ ਕਥਨੀ ਵਿੱਚ ਭਿੰਨਤਾ ਨਹੀਂ। *'ਨਾਮ ਜਪੋ, ਕਿਰਤ ਕਰੋ, ਵੰਡ ਛਕੋ'* ਦਾ ਸਿਧਾਂਤ ਉਸ ਦੇ ਸਾਹਮਣੇ ਹੁੰਦਾ ਹੈ। ਮੁਢਲਾ ਸਿਧਾਂਤ ਨਾਮ ਜਪਣ ਦਾ ਹੈ ਜੋ ਬਾਕੀ ਸਭ ਕੰਮਾਂ ਦਾ ਸਰੋਤ ਹੈ। ਖਾਲਸਾ ਨਾਮ ਜਪ ਕੇ ਗੁਣਾਂ ਨਾਲ ਸਾਂਝ ਪਾਉਂਦਾ ਹੈ। ਕਿਸੇ ਉੱਚ ਆਦਰਸ਼ ਦੀ ਪ੍ਰਾਪਤੀ ਵਾਸਤੇ ਦੁਨਿਆਵੀਂ ਸੁੱਖ ਤਿਆਗ ਕੇ ਜਾਨ ਤੱਕ ਵਾਰਨ ਲਈ ਤਿਆਰ ਰਹਿੰਦਾ ਹੈ। ਉਹ ਸੰਤ ਵੀ ਹੈ ਤੇ ਸਿਪਾਹੀ ਵੀ। ਉਹ ਜੋਗੀ ਵੀ ਹੈ ਤੇ ਭੋਗੀ ਵੀ। ਲੋੜਵੰਦਾਂ, ਦੀਨਾਂ ਦੁਖੀਆਂ ਦੀ ਆਵਾਜ਼ ਸੁਣ ਕੇ ਖਾਲਸਾ ਦੌੜ ਕੇ ਨਿਆਂ ਲਈ ਜੂਝਦਾ ਹੈ। ਉਸ ਇਕੱਲੇ ਦੀ ਆਵਾਜ਼ ਕਰੋੜਾਂ ਉੱਤੇ ਭਾਰੂ ਹੋ ਜਾਂਦੀ ਹੈ ਕਿਉਂਕਿ ਉਸ ਦਾ ਆਦਰਸ਼ ਆਪਣੀ ਨਹੀਂ, 'ਵਾਹਿਗੁਰੂ ਜੀ ਕੀ ਫ਼ਤਹਿ' ਹੁੰਦਾ ਹੈ। ਉਸ ਦਾ ਨਾਅਰਾ 'ਸਤਿ ਸ੍ਰੀ ਅਕਾਲ' ਹੁੰਦਾ ਹੈ। ■■■■■


www.AKJ.Org

# ਗੁਰੂ ਨਾਨਕ ਦੇਵ ਜੀ ਦੀ ਮਹਿਮਾ

(ਸੰਤਾ ਸਿੰਘ ਆਜ਼ਿਜ਼)

ਜਗਤ ਜਲੰਦਾ ਤਾਰਨ ਆਇਆ, ਗੁਰ ਨਾਨਕ ਨਿਰੰਕਾਰੀ।
ਦੁੱਖੀ ਜਨਾਂ ਦੇ ਹਰ ਗਿਆ ਦੁੱਖੜੇ, ਜਨਤਾ ਦਾ ਹਿਤਕਾਰੀ।
ਉਸਦੇ ਦਰਸਾਏ ਮਾਰਗ ਤੇ, ਚੱਲਦਾ ਜੋ ਵੱਡਭਾਗਾ।
ਮਨ ਨਿਰਮਲ ਮੁੱਖ ਉਜਲ ਉਸਦਾ, ਮੈਲ ਲਗੇ ਨਾ ਦਾਗਾ।
ਉਸਦੇ ਦਰ ਤੇ ਪੂਰੀਆਂ ਹੋਵਣ, ਲੋੜਵੰਦਾਂ ਦੀਆਂ ਲੋੜਾਂ।
ਨਦਰ ਕਰੇ ਹੋਵਣ ਸੰਪੂਰਨ, ਜਨਮ ਜਨਮ ਦੀਆਂ ਥੋੜਾਂ।
ਉਸਦੀ ਬਾਣੀ ਨੂੰ ਜੀਵਨ ਦਾ, ਜੋ ਆਧਾਰ ਬਣਾਵੇ।
ਮੁੱਕ ਜਾਵੇ ਚੌਰਾਸੀ ਦਾ ਚੱਕਰ, ਅੰਤ ਪਰਮਗਤਿ ਪਾਵੇ।
ਉਸਦੇ ਦਰ ਤੇ ਝੁਕਦੇ ਦੇਖੇ, ਬਾਬਰ ਜਿਹੇ ਜਰਵਾਣੇ।
ਨਿਵ ਨਿਵ ਸਿਜਦੇ ਕਰਦੇ ਦੇਖੇ, ਪੰਡਤ ਅਤੇ ਮੁਲਾਣੇ।
ਉਸਦੀਆਂ ਨਜ਼ਰਾਂ ਵਿੱਚ ਹਿੰਦੂ ਸਿੱਖ, ਮੁਸਲਿਮ ਏਕ ਸਮਾਨੇ।
ਜਿਸਦੇ ਹਿਰਦੇ ਭਗਤਿ ਭਾਵਨਾ, ਉਹ ਰੰਗ ਉਸ ਦਾ ਮਾਣੇ।
ਉਸਨੂੰ ਨਹੀਂ ਰਿਝਾਉਂਦੀਆਂ ਫੋਕੀਆਂ, ਕਰਮਕਾਂਡ ਦੀਆਂ ਰੀਤਾਂ।
ਉਸ ਸਾਹਿਬ ਨੂੰ ਭਾਉਂਦੀਆਂ ਸੱਚੀਆਂ ਕਰਮ ਧਰਮ ਨਾਲ ਪ੍ਰੀਤਾਂ।
ਸੁੱਚੀ ਕਿਰਤ ਦੀ ਰੁੱਖੀ ਰੋਟੀ, ਲਾਲੋ ਦੀ ਮਨ ਭਾਵੇ।
ਜ਼ੋਰ ਜ਼ਹੀਰ ਦੇ ਅੰਨ ਦੇ ਪੂੜੇ, ਉਹ ਸਾਬਰ ਨਾ ਖਾਵੇ।
ਸੱਚੇ ਸੁੱਚੇ ਸੁਖਨ ਸੁਨਾਉਂਦਾ, ਹਰਦਾ ਭਰਮ ਭੁਲੇਖੇ।
ਡਾਕੂ ਠੱਗ ਕਰਾਹੀਆਂ ਤਾਰੇ, ਲੱਖਾਂ ਉਸਦੇ ਲੇਖੇ।
ਧੁਰ ਕੀ ਬਾਣੀ ਨਾਨਕ ਗਾਵੇ, ਛੇੜੇ ਸੁਰ ਮਰਦਾਨਾ।
ਨਸ਼ਾ ਨਾਮ ਦਾ ਐਸਾ ਚੜਦਾ, ਹੋਵੇ ਮੁਗਧ ਜ਼ਮਾਨਾ।
ਬੇਸਮਝਾਂ ਨੂੰ ਸੋਝੀ ਆਈ, ਸੁਣਕੇ ਬਚਨ ਅਮੋਲੇ।
ਮੇਰਾ ਮੇਰਾ ਭੁੱਲੀ ਰਸਨਾ, ਤੇਰਾ ਤੇਰਾ ਬੋਲੇ।
ਕਿਰਤ ਵਿਚ ਦਸਵੰਧ ਗੁਰੂ ਘਰ, ਦੇਣਾ ਬਚਨ ਸੁਣਾਇਆ।
ਮੂੰਹ ਮੁਹਤਾਜ ਦਾ ਗੁਰੂ ਕੀ ਗੋਲਕ, ਰੱਬੀ ਰਾਜ ਬਤਾਇਆ।
ਬਿਖੜੇ ਪੈਂਡੇ ਹਸ ਹਸ ਗਾਹੇ, ਪੁੜੇ ਪੈਰਾਂ ਵਿੱਚ ਕੰਡੇ।
ਦੁੱਖੜੇ ਝਾਗ ਕੇ ਆਪਣੇ ਤਨ ਤੇ, ਜਗ ਨੂੰ ਸੁੱਖੜੇ ਵੰਡੇ।
ਹਿੰਦੂ ਮੁਸਲਿਮ ਦੋਵੇਂ ਉਸਦੇ, ਸਨ ਨੈਣਾਂ ਤੇ ਤਾਰੇ।
ਸਗਲੇ ਜੀਅ ਪਰਾਨ ਉਸਨੂੰ, ਸਨ ਪ੍ਰਾਣਾਂ ਤੋਂ ਪਿਆਰੇ।
ਨੰਗਿਆ ਦੇ ਤਨ ਢੱਕਦਾ ਜਿਹੜਾ, ਭੁੱਖਿਆਂ ਦਾ ਢਿੱਡ ਭਰਦਾ।
ਦੀਨ ਦੁੱਖੀ ਮੁਹਤਾਜਾਂ ਦੇ ਤਨ ਮਨ ਤੇ ਦੁੱਖੜੇ ਹਰਦਾ।
ਡਿੱਗਿਆਂ ਦਾ ਜੋ ਬਣੇ ਸਹਾਰਾ, ਦੇਸ਼ ਕੌਮ ਲਈ ਮਰਦਾ।
ਉਹ ਹਿਤਕਾਰੀ ਪਰ ਉਪਕਾਰੀ, ਸੇਵਕ ਨਾਨਕ ਘਰ ਦਾ।
ਭੁੱਲੇ ਸਿੱਖ ਫੁਰਮਾਨ ਗੁਰਾਂ ਦਾ, ਕਰਨ ਕੂੜੀਆਂ ਕਾਰਾਂ।
ਤਜ ਏਕਾ ਦਲ ਬਣੇ ਅਨੇਕਾਂ, ਖਾਣ ਸਮੇਂ ਦੀਆਂ ਮਾਰਾਂ।

■■■■■



www.AKJ.Org

## ਜ਼ਰੂਰੀ ਸੂਚਨਾ

ਸੂਰਾ ਪੱਤਰ ਦੇ ਬਹੁਤ ਸਾਰੇ ਦੇਸ਼ ਵਿਦੇਸ ਵਿੱਚ ਬੈਠੇ ਲਾਈਫ਼ ਮੈਂਬਰਾਂ ਦਾ ਬਕਾਇਆ ਚੰਦਾ ਅਜੇ ਤੱਕ ਸੂਰਾ ਦਫ਼ਤਰ ਨਹੀਂ ਪਹੁੰਚਿਆ। ਪਿਛਲੇ ਸਮੇਂ ਦੌਰਾਨ 'ਸੂਰਾ' ਪੱਤਰ ਦੀ ਲਾਗਤ ਕੀਮਤ ਵਿੱਚ ਕਾਫ਼ੀ ਵਾਧਾ ਹੋਣ ਕਰਕੇ ਪੁਰਾਣੇ ਚੰਦਿਆਂ ਤੇ ਪਰਚਾ ਭੇਜਣਾ ਅਤਿ ਮੁਸ਼ਕਲ ਹੋ ਗਿਆ ਹੈ। ਸੋ ਦੇਸ਼ ਵਿਦੇਸ਼ ਦੇ ਲਾਈਫ਼ ਮੈਂਬਰਾਂ, ਜਿਨ੍ਹਾਂ ਦੇ ਬਕਾਏ ਰਹਿੰਦੇ ਹਨ, ਪ੍ਰਤੀ ਬੇਨਤੀ ਹੈ ਕਿ ਉਹ ਆਪਣੇ ਬਕਾਏ 20 ਨਵੰਬਰ ਤੱਕ ਹਰ ਹਾਲਤ 'ਸੂਰਾ' ਤੇ ਉਪ-ਦਫ਼ਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ ਵਿਖੇ ਪਹੁੰਚਾ ਦੇਣ ਤਾਂ ਕਿ ਗੁਰਸ਼ਬਦ ਦਾ ਇਹ ਲੰਗਰ ਨਿਰਵਿਘਨ ਆਪ ਜੀ ਤੱਕ ਪਹੁੰਚਦਾ ਰਹੇ।

## -----ਰਿਸ਼ਤੇ ਨਾਤੇ-----

ਨੋਟ :- (੧) ਕੇਵਲ ਸ਼ਾਕਾਹਾਰੀ, ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। (੨) ਕੇਵਲ ਕੇਸਕੀਧਾਰੀ ਬੀਬੀਆਂ ਵਾਸਤੇ ਹੀ ਲਿਖੋ ਜੀ। (੩) ਇਸ ਕਾਲਮ ਵਿੱਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਵਿਸਥਾਰ ਸਹਿਤ ਪੂਰਾ ਵੇਰਵਾ ਲਿਖ ਕੇ 'ਸੂਰਾ' ਦਫ਼ਤਰ ਭੇਜੋ ਜੀ। (੪) ਕਿਸੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇੱਕ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਬਿਨਾਂ ਕਿਸੇ ਪਤਾ ਲਿਖੇ ਤੋਂ ਜ਼ਰੂਰ ਭੇਜੋ ਜੀ।

LD-੯੯ ੩੦ ਸਾਲਾ ਕੱਦ ੫' ੧੦'', ਮੈਟ੍ਰਿਕ ਪਾਸ, ਨੇਤਰਹੀਨ, ਪੇਸ਼ਾਵਰ ਰਾਗੀ, ਲੁਧਿਆਣਾ ਸ਼ਹਿਰ ਵਿੱਚ ਆਪਣਾ ਮਕਾਨ, ਮਾਸਕ ਆਮਦਨ ੩੦੦੦/- ਵਾਲੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

LD-੧੦੦ ੨੩ ਸਾਲਾ, ਕੱਦ ੫' ੭'', ਲੱਕੜੀ ਦੇ ਕੰਮ ਦੀ ਠੇਕੇਦਾਰੀ, ਮਾਸਿਕ ਆਮਦਨ ੩੫੦੦/- ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ। ਦੁਨਿਆਵੀ ਜ਼ਾਤ-ਪਾਤ ਦੀ ਕੋਈ ਵਿਚਾਰ ਨਹੀ।

LD-੧੦੧ ੨੬ ਸਾਲਾ, ਮੈਟ੍ਰਿਕ ਪਾਸ, ਖੇਤੀਬਾੜੀ ਕਰਦੇ ਸਿੰਘ ਲਈ ਯੋਗ ਨਿਤਨੇਮੀ ਬੀਬੀ ਦੀ ਲੋੜ ਹੈ। ਵਿਆਹ ਬਗੈਰ ਕਿਸੇ ਦੁਨਿਆਵੀ ਜਾਤੀ ਬੰਧਨ ਅਤੇ ਬਿਨਾਂ ਦਾਜ ਤੋਂ।

LD-੧੦੨ ੨੨ ਸਾਲਾ ਕੱਦ ੫' ੩'' ਬੀ. ਏ. ਭਾਗ ਪਹਿਲਾ ਅਤੇ ਆਈ. ਟੀ. ਆਈ. ਦਾ ੨ ਸਾਲਾ ਕੋਰਸ ਪਾਸ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-੧੦੩ ੨੦ ਸਾਲਾ ਮਿਡਲ ਪਾਸ ਘਰੇਲੂ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-੧੦੪ ੨੬ ਸਾਲਾ, ਕੱਦ ੫' ੫'', ਬੀ. ਐਸ. ਸੀ. ਬੀ. ਐਡ., ਪਬਲਿਕ ਸਕੂਲ ਟੀਚਰ, ਕੀਰਤਨੀ, ਪੜ੍ਹੇ ਲਿਖੇ ਪਰਿਵਾਰ ਦੀ ਰਹਿਤ ਵਿੱਚ ਪਰਪੱਕ ਬੀਬੀ ਲਈ ਯੋਗ ਵਰ ਦੀ ਲੋੜ ਹੈ।

LD-੧੦੫ ਸਾਢੇ ੨੪ ਸਾਲਾ, ਕੱਦ ੫' ਬੀ. ਐਸ. ਸੀ. (ਨਾਨ ਮੈਡੀਕਲ) ਬੀ. ਐਡ. ਫਾਰਮੇਸੀ ਡਿਪਲੋਮਾ ਪਾਸ ਅਤੇ ਐਮ. ਏ. ਪੰਜਾਬੀ ਕਰ ਰਹੀ, ਪੜ੍ਹੇ ਲਿਖੇ ਪਰਿਵਾਰ ਦੀ ਰਹਿਤਵਾਨ ਬੀਬੀ ਲਈ ਯੋਗ ਵਰ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਰਿਪੁਦਮਨ ਸਿੰਘ ਮਲਿਕ | ੫੦੦੦/- | ਸ੍ਰ: ਇੰਦਰਜੀਤ ਸਿੰਘ ਮੋਹਾਲੀ | ੧੦੦/- |
| ਭਾਈ ਅਮਰਜੀਤ ਸਿੰਘ | ੧੦੧/- | ਸ੍ਰ: ਹਰਚਰਨ ਸਿੰਘ ਮਲ੍ਹੇਵਾਲ | ੧੦੦/- |
| ਭਾਈ ਗੁਰਚਰਨ ਸਿੰਘ ਵਾਰਾਨਸੀ | ੩੭੦/- | ਕਮਲ ਮੋਟਰ ਗੈਰਜ ਬੰਬਈ | ੭੦/- |
| ਗੁਪਤ | ੫੦/- | ਸ੍ਰ: ਗੁਰਲਾਲ ਸਿੰਘ ਬੁਲੰਦ ਸ਼ਹਿਰ | ੧੦੦/- |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ | ੧੮/- | ਗੁਪਤ | ੧੦/- |
| ਬੀਬੀ ਪਰਮਜੀਤ ਕੌਰ | ੧੦੦/- | ਸ੍ਰ: ਬਚਨ ਸਿੰਘ ਲੁਧਿਆਣਾ | ੩੦੦/- |
| ਗੁਪਤ | ੧੧/- | ਗੁਪਤ | ੨੦/- |
| ਅਮਨ. ਬੈਰਿੰਗ ਏਜੰਸੀ, ਲੁਧਿਆਣਾ | ੮੦੦/- | ਗੁਪਤ | ੧੦/- |
| ਗੁਪਤ | ੧੦/- | ਸ੍ਰ: ਕਰਨੈਲ ਸਿੰਘ ਲੁਧਿਆਣਾ | ੫੦/- |
| ਬੀਬੀ ਗੁਰਬਚਨ ਕੌਰ | ੧੦੦/- | | |

www.AKJ.Org

Regd. No./12245/66 SURA/NOVEMBER/96 P.O. Regd. No. PB/LD/121/96

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਸੂਚਨਾ

1. ਸੂਰਾ ਮਾਸਿਕ ਪੱਤਰ ਵਿੱਚ ਛਪਵਾਉਣ ਲਈ, ਕਿਸੇ ਸਮਾਗਮ ਸਬੰਧੀ ਜਾਂ ਕੋਈ ਵੀ ਹੋਰ ਸੂਚਨਾ ਪਰਚੇ ਨਾਲ ਸੰਬੰਧਤ ਮਹੀਨੇ ਤੋਂ ਪਹਿਲੇ ਮਹੀਨੇ ਦੀ ਇਕ ਤਰੀਖ ਤੱਕ 'ਸੂਰਾ' ਦੇ ਉਪ-ਦਫ਼ਤਰ (ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ) ਵਿਚ ਪਹੁੰਚ ਜਾਣੀ ਚਾਹੀਦੀ ਹੈ। ਭਾਵ ਕਿ ਜਨਵਰੀ ਦੇ ਪਰਚੇ ਵਿਚ ਛਪਣ ਲਈ ਸੂਚਨਾ ਇਕ ਦਸੰਬਰ ਤੱਕ ਪਹੁੰਚ ਜਾਣੀ ਚਾਹੀਦੀ ਹੈ। ਇਸ ਤੋਂ ਬਾਅਦ ਪਹੁੰਚਣ ਵਾਲੀ ਸੂਚਨਾ ਕਿਸੇ ਵੀ ਹਾਲਤ ਵਿੱਚ ਛਪ ਨਹੀਂ ਸਕੇਗੀ।

2. ਸੂਰਾ ਵਿੱਚ ਛਾਪਣ ਲਈ ਕੋਈ ਵੀ ਸੂਚਨਾ ਸਿੱਧੀ 'ਸੂਰਾ' ਦਫ਼ਤਰ ਭੇਜੋ ਜਾਂ ਕੀਰਤਨ ਸਮਾਗਮਾਂ ਤੇ ਸੂਰਾ ਸਟਾਲ ਤੇ ਨੋਟ ਕਰਵਾਓ। ਹੋਰ ਕਿਸੇ ਵਿਅਕਤੀ ਵਿਸ਼ੇਸ਼ ਨੂੰ ਭੇਜੀ ਸੂਚਨਾ ਨਾ ਛਪਣ ਤੇ ਸੂਰਾ ਦਫ਼ਤਰ ਜਿੰਮੇਵਾਰ ਨਹੀਂ ਹੋਵੇਗਾ।

ਸੰਪਾਦਕ

### ਪਿੰਡ ਠੱਕਰਵਾਲ (ਜ਼ਿਲਾ ਲੁਧਿਆਣਾ) ਵਿਖੇ ਅੰਮ੍ਰਿਤ ਸੰਚਾਰ ਸਮਾਗਮ

ਗੁਰੂ ਹਰਿਗੋਬਿੰਦ ਸਾਹਿਬ ਪਬਲਿਕ ਸਕੂਲ ਵਿਖੇ 3 ਨਵੰਬਰ ਐਤਵਾਰ ਸਵੇਰੇ 7 ਵਜੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ। ਅਭਿਲਾਖੀ ਸੱਜਣ ਸਮੇਂ ਸਿਰ ਤਿਆਰ ਹੋ ਕੇ ਪਹੁੰਚਣ।

### ਲੁਧਿਆਣਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਸਬੰਧੀ ਅਖੰਡ ਪਾਠ ਤੇ ਕੀਰਤਨ ਸਮਾਗਮ

ਡਾ: ਸਿਮਰਨ ਸਿੰਘ ਦੇ ਗ੍ਰਹਿ 262-B ਭਾਈ ਰਣਧੀਰ ਸਿੰਘ ਨਗਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ 8 ਨਵੰਬਰ ਅੰਮ੍ਰਿਤ ਵੇਲੇ ਤੋਂ 10 ਨਵੰਬਰ ਅੰਮ੍ਰਿਤ ਵੇਲੇ ਤੱਕ 11, 12 ਅਤੇ 13 ਨਵੰਬਰ ਸਵੇਰੇ 4 ਤੋਂ 7 ਵਜੇ ਤੱਕ ਅਤੇ ਸ਼ਾਮ ਨੂੰ 5 ਤੋਂ 8 ਵਜੇ ਤੱਕ ਕੀਰਤਨ ਸਮਾਗਮ ਹੋਣਗੇ। ਟੈਲੀਫੂਨ 450897

### ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ

14-11-96 ਸਵੇਰੇ 6 ਤੋਂ 9 ਅਖੰਡ ਕੀਰਤਨ ਸਮਾਗਮ ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ।
ਸ਼ਾਮ 5.30 ਤੋਂ 8.30 ਅਖੰਡ ਕੀਰਤਨ ਗੁ: ਪਿੰਡ ਚੜਿੱਕ ਵਿਖੇ।

15-11-96 ਸਵੇਰੇ 6 ਤੋਂ 8.30 ਅਖੰਡ ਕੀਰਤਨ ਗੁ: ਕਰਤਾਰ ਭਵਨ ਸਿਵਲ ਲਾਈਨਜ਼ ਦੱਤ ਰੋਡ ਮੋਗਾ ਵਿਖੇ।
ਉਪਰੰਤ ਰਵਾਨਗੀ ਦਰਸ਼ਨਾਂ ਵਾਸਤੇ ਗੁ: ਮਹਿਦੇਆਣਾ ਸਾਹਿਬ ਅਤੇ ਗੁਰੂਸਰ ਚਕਰ ਪਾ: ੬।
ਸ਼ਾਮ 5-30 ਤੋਂ 8-30 ਅਖੰਡ ਕੀਰਤਨ ਗੁ: ਹਰਿਗੋਬਿੰਦ ਪਿੰਡ ਫਤਿਹਗੜ ਕੋਰੋਟਾਨਾ।

16-11-96 ਸਵੇਰੇ 6 ਵਜੇ ਭੋਗ ਸ੍ਰੀ ਅਖੰਡਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ।
ਸ਼ਾਮ 6 ਵਜੇ ਅਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ।

ਨੋਟ:- 1) 14 ਅਤੇ 15 ਨਵੰਬਰ ਸ਼ਾਮ ਦੇ ਸਮਾਗਮਾਂ ਵਾਸਤੇ ਗੱਡੀ ਸ਼ਾਮ 4-30 ਵਜੇ ਗੁ: ਗੁਰੂ ਤੇਗ ਬਹਾਦਰ ਸਾਹਿਬ ਤੋਂ ਚੱਲੇਗੀ। 2) ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ। 3) ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰੋ ਜੀ

ਦਾਸਰੇ:- ਅਖੰਡ ਕੀਰਤਨੀ ਜੱਥਾ, ਮੋਗਾ।

### ਪਿੰਡ ਸਿਧਵਾਂ (ਕਾਲਜ ਵਾਲਾ) ਲੁਧਿਆਣਾ ਵਿਖੇ ਧਰਮ ਪ੍ਰਚਾਰ ਕੀਰਤਨ ਸਮਾਗਮ

17 ਨਵੰਬਰ ਸਵੇਰੇ 6 ਤੋਂ 12 ਵਜੇ ਤੱਕ।

### ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸਲਾਨਾ ਅਖੰਡ ਕੀਰਤਨ ਸਮਾਗਮ ਜਲੰਧਰ ਵਿਖੇ

23-11-96 ਸ਼ਨੀਵਾਰ ਸਵੇਰੇ 5 ਵਜੇ ਅਰੰਭ ਸ੍ਰੀ ਅਖੰਡ ਸਾਹਿਬ। ਸ਼ਾਮ 6 ਤੋਂ 9 ਸੋਦਰ ਦੀ ਚੌਂਕੀ ਤੇ ਕੀਰਤਨ।
24-11-96 ਐਤਵਾਰ ਸਵੇਰੇ 6 ਤੋਂ 11 ਅਖੰਡ ਕੀਰਤਨ। ਸ਼ਾਮ 6 ਤੋਂ 9 ਸੋਦਰ ਦੀ ਚੌਂਕੀ ਤੇ ਅਖੰਡ ਕੀਰਤਨ।
25-11-96 ਸੋਮਵਾਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤੱਕ।
ਸ਼ਾਮ 6 ਵਜੇ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ ਸਮਾਗਮ।
26-11-96 ਸਵੇਰੇ 6 ਵਜੇ ਭੋਗ ਰੈਣਿ ਸਬਾਈ ਕੀਰਤਨ

ਨੋਟ:- ਸਾਰੇ ਸਮਾਗਮਾਂ, ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ।

ਦਾਸਰੇ:- ਅਖੰਡ ਕੀਰਤਨੀ ਜੱਥਾ, ਜਲੰਧਰ।

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org